HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 23.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8

## ‘ਆਪ’ ਵਲੋਂ ਹਰਿਆਣਾ ’ਚ ਵੱਖ ਚੋਣ ਲੜਨ ਨਾਲ ਕਾਂਗਰਸ ਨੂੰ ਹੋ ਸਕਦਾ ਹੈ ਲਾਭ




ਆਮ ਆਦਮੀ ਪਾਰਟੀ (ਆਪ) ਵੱਲੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਇਕੱਲਿਆਂ ਲੜਨ ਦੇ ਫੈਸਲੇ ਤੋਂ ਕਾਂਗਰਸ ਲੀਡਰਸ਼ਿਪ ਬਿਲਕੁਲ ਚਿੰਤਤ ਨਹੀਂ ਹੈ। ਇਹ ਇਸ ਲਈ ਹੈ ਕਿਉਂਕਿ ਕਾਂਗਰਸ ਲੀਡਰਸ਼ਿਪ ਦਾ ਮੁਲਾਂਕਣ ਹੈ ਕਿ ਕੇਜਰੀਵਾਲ ਦੀ ਅਗਵਾਈ ਵਾਲੀ ‘ਆਪ’ ਸ਼ਹਿਰੀ ਖੇਤਰਾਂ ’ਚ ਭਾਜਪਾ ਦੇ ਵੋਟ ਬੈਂਕ ਨੂੰ ਵੱਡੇ ਪੱਧਰ ’ਤੇ ਨੁਕਸਾਨ ਪਹੁੰਚਾ ਸਕਦੀ ਹੈ। ‘ਆਪ’ ਨੇ ਲੋਕ ਸਭਾ ਦੀਆਂ ਚੋਣਾਂ ’ਚ ਕਾਂਗਰਸ ਨਾਲ ਸਮਝੌਤਾ ਕੀਤਾ ਸੀ ਤੇ ਸਿਰਫ ਇਕ ਸੀਟ ਕੁਰੂਕਸ਼ੇਤਰ ਤੋਂ ਆਪਣਾ ਉਮੀਦਵਾਰ ਖੜ੍ਹਾ ਕੀਤਾ ਸੀ। ਕਾਂਗਰਸ ਨੇ 2019 ’ਚ ਜ਼ੀਰੋ ਦੇ ਮੁਕਾਬਲੇ 2024 ’ਚ ਹਰਿਆਣਾ ’ਚ 5 ਲੋਕ ਸਭਾ ਸੀਟਾਂ ਜਿੱਤੀਆਂ। ਇਸ ਵਾਰ ਭਾਜਪਾ ਦੀਆਂ ਸੀਟਾਂ ਘੱਟ ਕੇ 5 ਰਹਿ ਗਈਆਂ ਤੇ ਉਸ ਦਾ ਵੋਟ ਸ਼ੇਅਰ 2019 ਦੇ 58.21 ਫੀਸਦੀ ਤੋਂ ਘੱਟ ਕੇ ਇਸ ਸਾਲ 46.11 ਫੀਸਦੀ ਰਹਿ ਗਿਆ। ਕਾਂਗਰਸ ਦਾ ਵੋਟ ਸ਼ੇਅਰ 28.51 ਤੋਂ ਵੱਧ ਕੇ 43.67 ਫੀਸਦੀ ਹੋ ਗਿਆ।ਆਮ ਆਦਮੀ ਪਾਰਟੀ ਜੋ ‘ਇੰਡੀਆ’ ਗੱਠਜੋੜ ਦੀ ਮੈਂਬਰ ਹੈ, ਨੇ 2019 ’ਚ ਆਪਣਾ ਵੋਟ ਸ਼ੇਅਰ 0.36 ਫੀਸਦੀ ਤੋਂ ਵਧਾ ਕੇ 3.94 ਫੀਸਦੀ ਕਰ ਲਿਆ ਜਦਕਿ ਉਸ ਨੇ ਪਿਛਲੀ ਵਾਰ 3 ਸੀਟਾਂ ’ਤੇ ਚੋਣ ਲੜੀ ਸੀ। ਭਾਜਪਾ ਲਈ ਰਾਹਤ ਦੀ ਗੱਲ ਇਹ ਹੈ ਕਿ ਉਸ ਨੇ 90 ਸੀਟਾਂ ’ਚੋਂ 44 ਵਿਧਾਨ ਸਭਾ ਹਲਕਿਆਂ 'ਤੇ ਲੀਡ ਹਾਸਲ ਕੀਤੀ, ਜਦਕਿ ਕਾਂਗਰਸ ਨੇ 42 ਸੀਟਾਂ ’ਤੇ ਜਿੱਤ ਹਾਸਲ ਕੀਤੀ। ‘ਆਪ’ 4 ਸੀਟਾਂ ’ਤੇ ਅੱਗੇ ਰਹੀ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ‘ਆਪ’ ਭਾਜਪਾ ਦੀਆਂ ਗੈਰ-ਜਾਟ ਵੋਟਾਂ ਨੂੰ ਖੋਰਾ ਲਾ ਦੇਵੇਗੀ। ਕਾਂਗਰਸ ਜਾਟ ਵੋਟਾਂ ਅਤੇ ਕੁਝ ਹੱਦ ਤੱਕ ਦਲਿਤਾਂ ਤੇ ਹੋਰ ਜਾਤੀਆਂ ’ਤੇ ਨਿਰਭਰ ਹੈ। ਇਨੈਲੋ ਅਤੇ ਦੁਸ਼ਯੰਤ ਚੌਟਾਲਾ (ਜੇ. ਜੇ. ਪੀ.) ਦੀ ਅਗਵਾਈ ਵਾਲੀ ਪਾਰਟੀ ਇਸ ਵਾਰ ਕੋਈ ਵੀ ਸੀਟ ਨਹੀਂ ਜਿੱਤ ਸਕੀ। ਉਨ੍ਹਾਂ ਦਾ ਵੋਟ ਸ਼ੇਅਰ ਕ੍ਰਮਵਾਰ 1.74 ਅਤੇ 0.8 ਫੀਸਦੀ ਰਿਹਾ। ਸੰਭਵ ਹੈ ਕਿ ਉਹ ਇਸ ਵਾਰ ਵਿਧਾਨ ਸਭਾ ਚੋਣਾਂ ’ਚ ਜਾਟ ਵੋਟਾਂ ਦੇ ਬੈਂਕ ’ਚ ਕੋਈ ਸੰਨ੍ਹ ਨਾ ਲਾ ਸਕਣ। ਇਸ ਵਾਰ ਲੋਕ ਸਭਾ ਦੀਆਂ ਚੋਣਾਂ ’ਚ ਪਾਰਟੀ ਕਿਸੇ ਵੀ ਵਿਧਾਨ ਸਭਾ ਸੀਟ 'ਤੇ ਲੀਡ ਨਹੀਂ ਲੈ ਸਕੀ।

## ਹਾਈ ਕੋਰਟ ਦਾ ਹੁਕਮ, ਨੈਸ਼ਨਲ ਹੈਰਾਲਡ ਮਾਮਲੇ ’ਚ ਸਵਾਮੀ



ਦਿੱਲੀ ਹਾਈ ਕੋਰਟ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਾਬਕਾ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ, ਕਾਂਗਰਸ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਨੈਸ਼ਨਲ ਹੈਰਾਲਡ ਮਾਮਲੇ ਵਿਚ ਸੰਖੇਪ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਨੇ ਤਿੰਨਾਂ ਨੂੰ 4 ਹਫ਼ਤਿਆਂ ਦੇ ਅੰਦਰ ਦਲੀਲਾਂ ’ਤੇ ਲਿਖਤੀ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਇਸ ਤੋਂ ਬਾਅਦ ਲਿਖਤ ਜਵਾਬ 15,000 ਰੁਪਏ ਦੇ ਮੁਕੱਦਮਾ ਦੀ ਲਾਗਤ ਨਾਲ ਸਵੀਕਾਰ ਕੀਤਾ ਜਾਵੇਗਾ। ਅਦਾਲਤ ਨੇ ਇਸ ਮਾਮਲੇ ਨੂੰ ਬਹਿਸ ਲਈ 29 ਅਕਤੂਬਰ ਨੂੰ ਸੂਚੀਬੱਧ ਕੀਤਾ ਹੈ। ਹਾਈ ਕੋਰਟ ਸਵਾਮੀ ਵਲੋਂ ਨੈਸ਼ਨਲ ਹੈਰਾਲਡ ਮਾਮਲੇ ਵਿਚ ਸੁਣਵਾਈ ਅਦਾਲਤ ਦੇ ਸਾਹਮਣੇ ਸਬੂਤ ਪੇਸ਼ ਕਰਨ ਦੀ ਅਪੀਲ ਕਰਦੇ ਹੋਏ ਦਾਖਲ ਪਟੀਸ਼ਨ ’ਤੇ ਸੁਣਵਾਈ ਕਰ ਰਿਹਾ ਹੈ। ਇਸ ਮਾਮਲੇ ’ਚ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰ ਮੁਲਜ਼ਮ ਹਨ। ਅਦਾਲਤ ਨੇ 22 ਫਰਵਰੀ, 2021 ਨੂੰ ਸੋਨੀਆ, ਰਾਹੁਲ, ਅਖਿਲ ਭਾਰਤੀ ਕਾਂਗਰਸ ਕਮੇਟੀ (ਏ. ਆਈ. ਸੀ. ਸੀ.) ਦੇ ਜਨਰਲ ਸਕੱਤਰ ਆਸਕਰ ਫਰਨਾਂਡੀਜ਼ (ਜਿਨ੍ਹਾਂ ਦੀ ਹੁਣ ਮੌਤ ਹੋ ਚੁੱਕੀ ਹੈ), ਸੁਮਨ ਦੁਬੇ, ਸੈਮ ਪਿਤਰੋਦਾ ਅਤੇ ਯੰਗ ਇੰਡੀਆ (ਵਾਈ. ਵਾਈ.) ਨੂੰ ਨੋਟਿਸ ਜਾਰੀ ਕਰਦੇ ਹੋਏ ਸਵਾਮੀ ਦੀ ਪਟੀਸ਼ਨ ’ਤੇ ਜਵਾਬ ਦੇਣ ਨੂੰ ਕਿਹਾ ਸੀ ਅਤੇ ਮਾਮਲੇ ਵਿਚ ਅੱਗੇ ਦੀ ਕਾਰਵਾਈ ’ਤੇ ਰੋਕ ਲਗਾ ਦਿੱਤੀ ਸੀ।

## ਦੇਸ਼ ’ਚ ਧਰਤੀ ਹੇਠਲੇ ਪਾਣੀ ਦੇ ਪੱਧਰ ’ਚ 6 ਫੀਸਦੀ ਦਾ ਵਾਧਾ



ਸਰਕਾਰ ਨੇ ਸੋਮਵਾਰ ਕਿਹਾ ਕਿ ਦੇਸ਼ ’ਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ’ਚ 6 ਫੀਸਦੀ ਦਾ ਵਾਧਾ ਹੋਇਆ ਹੈ। ਇਸ ਪਾਣੀ ਦਾ ਸੁਰੱਖਿਅਤ ਖੇਤਰ ਵੀ 63 ਫੀਸਦੀ ਤੋਂ ਵਧ ਕੇ 73 ਫੀਸਦੀ ਹੋ ਗਿਆ ਹੈ। ਰਾਜ ਸਭਾ ’ਚ ਪ੍ਰਸ਼ਨ ਕਾਲ ਦੌਰਾਨ ਇਹ ਜਾਣਕਾਰੀ ਦਿੰਦਿਆਂ ਜਲ ਸ਼ਕਤੀ ਮੰਤਰੀ ਸੀ. ਆਰ. ਪਾਟਿਲ ਨੇ ਕਿਹਾ ਕਿ 2017 ’ਚ ਧਰਤੀ ਹੇਠਲੇ ਪਾਣੀ ਦੇ ਪੱਧਰ ’ਚ ਗਿਰਾਵਟ 17 ਫੀਸਦੀ ਸੀ, ਜੋ 2023 ’ਚ ਘੱਟ ਕੇ 11 ਫੀਸਦੀ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਧਰਤੀ ਹੇਠਲੇ ਪਾਣੀ ਦੇ ਪੱਧਰ ’ਚ 6 ਫੀਸਦੀ ਦਾ ਸੁਧਾਰ ਹੋਇਆ ਹੈ। ਆਜ਼ਾਦ ਮੈਂਬਰ ਕਾਰਤੀਕੇਯ ਸ਼ਰਮਾ ਦੇ ਇਕ ਪੂਰਕ ਸਵਾਲ ਦੇ ਜਵਾਬ ’ਚ ਪਾਟਿਲ ਨੇ ਇਹ ਵੀ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਸੁਰੱਖਿਅਤ ਖੇਤਰ 63 ਤੋਂ ਵਧ ਕੇ 73 ਫੀਸਦੀ ਹੋ ਗਿਆ ਹੈ। ਬੀ. ਜੇ. ਡੀ. ਦੇ ਸੁਜੀਤ ਕੁਮਾਰ ਦੇ ਇਕ ਪੂਰਕ ਸਵਾਲ ਦੇ ਜਵਾਬ ’ਚ ਪਾਟਿਲ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ ’ਤੇ ਮਨਾਏ ਗਏ ‘ਅੰਮ੍ਰਿਤ ਮਹੋਤਸਵ’ ਦੌਰਾਨ ਹਰ ਜ਼ਿਲੇ ’ਚ 75 ਅੰਮ੍ਰਿਤ ਸਰੋਵਰ ਬਣਾਏ ਗਏ ਸਨ। ਇਸ ਦੇ ਉਸਾਰੂ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਸੂਬਾਈ ਸਰਕਾਰਾਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਿਆ ਹੈ ਤੇ ਇਸ ਦੀ ਗੁਣਵੱਤਾ ’ਚ ਵੀ ਸੁਧਾਰ ਹੋਇਆ ਹੈ ਪਰ ਇਹ ਕੰਮ ਲਗਾਤਾਰ ਕਰਨਾ ਪਵੇਗਾ ਨਹੀਂ ਤਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਚਲਾ ਜਾਵੇਗਾ।

## ਕੈਬਨਿਟ ਨੇ NEET, ‘ਵਨ ਨੇਸ਼ਨ, ਵਨ ਇਲੈਕਸ਼ਨ’ ਖ਼ਿਲਾਫ ਪ੍ਰਸਤਾਵਾਂ ਨੂੰ ਦਿੱਤੀ ਮਨਜ਼ੂਰੀ



ਕਰਨਾਟਕ ਕੈਬਨਿਟ ਨੇ ਮੁੱਖ ਮੰਤਰੀ ਸਿੱਧਰਮਈਆ ਦੀ ਪ੍ਰਧਾਨਗੀ 'ਚ ਸੋਮਵਾਰ ਰਾਤ ਹੋਈ ਬੈਠਕ 'ਚ ਤਿੰਨ ਪ੍ਰਸਤਾਵ ਪਾਸ ਕਰਨ ਦੀ ਮਨਜ਼ੂਰੀ ਦੇ ਦਿੱਤੀ, ਜਿਨ੍ਹਾਂ 'ਚ ਇਕ ਪ੍ਰਸਤਾਵ ਰਾਸ਼ਟਰੀ ਯੋਗਤਾ-ਕਮ-ਪ੍ਰਵੇਸ਼ ਪ੍ਰੀਖਿਆ (ਨੀਟ) ਖਿਲਾਫ਼ ਹੈ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਦੋ ਹੋਰ ਪ੍ਰਸਤਾਵ ‘ਵਨ ਨੇਸ਼ਨ, ਵਨ ਇਲੈਕਸ਼ਨ’ ਅਤੇ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਦੇ ਚੋਣ ਖੇਤਰਾਂ ਦੇ ਹੱਦਬੰਦੀ ਖਿਲਾਫ਼ ਦੱਸ ਜਾ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਪ੍ਰਸਤਾਵਾਂ ਨੂੰ ਮੰਗਲਵਾਰ ਨੂੰ ਵਿਧਾਨ ਸਭਾ ਸੈਸ਼ਨ ਦੌਰਾਨ ਪੇਸ਼ ਕੀਤਾ ਜਾ ਸਕਦਾ ਹੈ। ਅਜਿਹੀ ਜਾਣਕਾਰੀ ਹੈ ਕਿ ਕੈਬਨਿਟ ਨੇ 'ਗ੍ਰੇਟਰ ਬੈਂਗਲੁਰੂ ਗਵਰਨੈਂਸ ਬਿੱਲ 2024' ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਗ੍ਰੇਟਰ ਬੈਂਗਲੁਰੂ ਨਗਰ ਨਿਗਮ ਦੇ ਪੁਨਰਗਠਨ ਲਈ ਸਾਬਕਾ ਮੁੱਖ ਸਕੱਤਰ ਬੀ. ਐੱਸ ਪਾਟਿਲ ਦੀ ਅਗਵਾਈ ਹੇਠ ਬਣਾਈ ਗਈ ਚਾਰ ਮੈਂਬਰੀ ਕਮੇਟੀ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਸੀ। ਅਜਿਹੀ ਜਾਣਕਾਰੀ ਹੈ ਕਿ ਮਸੌਦਾ ਬਿੱਲ 'ਚ ਕਮੇਟੀ ਨੇ ਸ਼ਹਿਰ 'ਤੇ ਸ਼ਾਸਨ ਕਰਨ ਲਈ ਯੋਜਨਾ ਅਤੇ ਵਿੱਤੀ ਸ਼ਕਤੀਆਂ ਨਾਲ ਇਕ ਗ੍ਰੇਟਰ ਬੈਂਗਲੁਰੂ ਅਥਾਰਟੀ ਦੇ ਨਿਰਮਾਣ ਦਾ ਪ੍ਰਸਤਾਵ ਰੱਖਿਆ ਹੈ ਅਤੇ ਇਸ ਵਿਚ ਕਈ ਨਿਗਮਾਂ ਅਤੇ 400 ਵਾਰਡ ਤੱਕ ਦੀ ਵਿਵਸਥਾ ਹੈ। ਨੀਟ ਨੂੰ ਲੈ ਕੇ ਜਾਰੀ ਵਿਵਾਦ ਉਪ ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਨੇ ਹਾਲ ਹੀ ਵਿਚ ਕੇਂਦਰ ਤੋਂ ਇਸ ਮੈਡੀਕਲ ਪ੍ਰਵੇਸ਼ ਪ੍ਰੀਖਿਆ ਨੂੰ ਰੱਦ ਕਰਨ ਅਤੇ ਸੂਬਿਆਂ ਨੂੰ ਆਪਣੀ ਪ੍ਰਵੇਸ਼ ਪ੍ਰੀਖਿਆ ਆਯੋਜਿਤ ਕਰਨ ਦੀ ਆਗਿਆ ਦੇਣ ਦੀ ਅਪੀਲ ਕੀਤੀ ਸੀ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿਚ ਦੇਸ਼ ਭਰ ਵਿਚ ਇਕੋ ਸਮੇਂ ਚੋਣਾਂ ਕਰਵਾਉਣ ਲਈ ਬਣਾਈ ਗਈ ਉੱਚ ਪੱਧਰੀ ਕਮੇਟੀ ਨੇ ਮਾਰਚ 'ਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ‘ਵਨ ਨੇਸ਼ਨ, ਵਨ ਇਲੈਕਸ਼ਨ’ ਬਾਰੇ ਆਪਣੀ ਰਿਪੋਰਟ ਸੌਂਪੀ ਸੀ। ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਪਹਿਲਾਂ ਕਿਹਾ ਸੀ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਮਰਦਮਸ਼ੁਮਾਰੀ ਅਤੇ ਹੱਦਬੰਦੀ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।

## ਚਰਿੱਤਰ ’ਤੇ ਸ਼ੱਕ ਕਾਰਨ ਕੁਹਾੜੀ ਨਾਲ ਪਤਨੀ ਦਾ ਵੱਢਿਆ ਗਲ਼



ਰਾਜਸਥਾਨ ਦੇ ਹਨੂੰਮਾਨਗੜ੍ਹ ਤੋਂ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਇੱਥੇ ਪਤੀ ਨੇ ਪਤਨੀ ਦਾ ਗਲ਼ ਵੱਢ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਬਾਅਦ ਖ਼ੁਦ ਥਾਣੇ ਪਹੁੰਚ ਗਿਆ ਅਤੇ ਆਤਮਸਮਰਪਣ ਕਰ ਦਿੱਤਾ। ਕਿਰਾਏ ਦੇ ਮਕਾਨ ’ਚ ਰਹਿਣ ਵਾਲੇ ਵਿਅਕਤੀ ਨੇ ਤੜਕੇ ਲੱਗਭਗ 4 ਵਜੇ ਵਿਹੜੇ ’ਚ ਮੰਜੇ ’ਤੇ ਸੁੱਤੀ ਪਈ ਆਪਣੀ ਪਤਨੀ ਦਾ ਕੁਹਾੜੀ ਨਾਲ ਗਲ਼ ਵੱਢ ਕੇ ਕਤਲ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਪਤੀ ਖ਼ੂਨ ਨਾਲ ਲਿਬੜੇ ਕੱਪੜਿਆਂ ਸਣੇ ਜੰਕਸ਼ਨ ਪੁਲਸ ਸਟੇਸ਼ਨ ਪਹੁੰਚ ਗਿਆ। ਪੁਲਸ ਸਾਹਮਣੇ ਆਤਮ ਸਮਰਪਣ ਕਰਦਿਆਂ ਉਸ ਨੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਦਾ ਕੁਹਾੜੀ ਨਾਲ ਗਲ਼ ਵੱਢ ਕੇ ਕਤਲ ਕੀਤਾ ਹੈ। ਉਸ ਦੀ ਲਾਸ਼ ਘਰ ਵਿਚ ਮੰਜੇ ’ਤੇ ਪਈ ਹੈ। ਤੜਕੇ ਲੱਗਭਗ 5 ਵਜੇ ਓਨੀਂਦਰ ਜਿਹੇ ਬੈਠੇ ਪੁਲਸ ਮੁਲਾਜ਼ਮ ਖ਼ੂਨ ਨਾਲ ਲਿਬੜੇ ਕੱਪੜਿਆਂ ’ਚ ਵਿਅਕਤੀ ਨੂੰ ਅਜਿਹਾ ਕਹਿੰਦੇ ਸੁਣ ਕੇ ਹਰਕਤ ਵਿਚ ਆ ਗਏ। ਸ਼ੱਕੀ ਨੌਜਵਾਨ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ।

## ਵਾਦੀ 'ਚ ਅੱਤਵਾਦੀਆਂ ਦਾ ਛੇਤੀ ਸਫ਼ਾਇਆ ਕਰਨ ਦੇ ਫ਼ੌਜ ਮੁਖੀ ਉਪੇਂਦਰ ਦਿਵੇਦੀ ਨੇ ਦਿੱਤੇ ਸਾਫ਼ ਨਿਰਦੇਸ਼



ਭਾਰਤੀ ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਫ਼ੌਜ ਦੇ ਉੱਚ ਅਧਿਕਾਰੀਆਂ ਨਾਲ ਇਕ ਉੱਚ ਪੱਧਰੀ ਮੀਟਿੰਗ ਕੀਤੀ। ਉਨ੍ਹਾਂ ਨੇ ਉੱਤਰੀ ਫ਼ੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਐੱਮਵੀ ਸੁਚੀਦਰ ਕੁਮਾਰ ਨੂੰ ਕੋਈ ਵੀ ਫੈਸਲਾ ਲੈਣ ਦੀ ਖੁੱਲ੍ਹ ਦਿੱਤੀ ਹੈ। ਫ਼ੌਜ ਦੇ ਮੁਖੀ ਜਨਰਲ ਨੇ ਕਿਹਾ ਕਿ ਅੱਤਵਾਦੀਆਂ ਨੂੰ ਜਲਦੀ ਖਤਮ ਕੀਤਾ ਜਾਣਾ ਚਾਹੀਦਾ ਹੈ। ਕਸ਼ਮੀਰ 'ਚ ਇਸ ਸਮੇਂ 16ਵੀਂ ਕੋਰ ਦੇ ਕਮਾਂਡਰ ਅਤੇ ਉਨ੍ਹਾਂ ਦੇ ਨਾਲ ਡੈਲਟਾ ਅਤੇ ਰੋਮੀਓ ਫੋਰਸ ਦੇ ਕਮਾਂਡਰ ਨੂੰ ਅੱਤਵਾਦੀਆਂ ਨੂੰ ਖਤਮ ਕਰਨ ਦੇ ਸਿੱਧੇ ਨਿਰਦੇਸ਼ ਦਿੱਤੇ ਗਏ ਹਨ।

### ਰਾਸ਼ਟਰੀ ਰਾਈਫਲਜ਼ ਦੇ ਜਵਾਨਾਂ ਦੀ ਹੈ ਤਾਇਨਾਤੀ

ਜੰਮੂ-ਕਸ਼ਮੀਰ ਪੁਲਸ ਦੀ SOG ਟੀਮ ਅੱਤਵਾਦੀਆਂ ਨੂੰ ਖਤਮ ਕਰਨ ਦੇ ਆਪ੍ਰੇਸ਼ਨ 'ਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਉਹ ਖੁਫੀਆ ਜਾਣਕਾਰੀ ਇਕੱਠੀ ਕਰ ਰਹੇ ਹਨ ਅਤੇ ਭਾਰਤੀ ਫੌਜ ਦੀਆਂ ਵੱਖ-ਵੱਖ ਰਾਸ਼ਟਰੀ ਰਾਈਫਲ ਯੂਨਿਟਾਂ ਨਾਲ ਸਾਂਝੇ ਆਪਰੇਸ਼ਨ ਚਲਾ ਰਹੇ ਹਨ। ਵਰਤਮਾਨ ਵਿਚ ਭਾਰਤੀ ਫ਼ੌਜ ਦੀ ਰਾਸ਼ਟਰੀ ਰਾਈਫਲਜ਼ ਦੇ ਜਵਾਨ ਪੂਰੇ ਜੰਮੂ ਖੇਤਰ ਵਿਚ ਤਾਇਨਾਤ ਹਨ, ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ।

ਫ਼ੌਜ ਦੀ ਕਾਰਵਾਈ ਕਾਰਨ ਅੱਤਵਾਦੀਆਂ 'ਚ ਖੌਫ਼

ਫ਼ੌਜ ਦੀ ਠੋਸ ਕਾਰਵਾਈ ਤੋਂ ਅੱਤਵਾਦੀ ਡਰੇ ਹੋਏ ਹਨ। ਇਸੇ ਕਾਰਨ ਅੱਜ ਅੱਤਵਾਦੀਆਂ ਨੇ ਸ਼ੌਰਿਆ ਚੱਕਰ ਨਾਲ ਸਨਮਾਨਿਤ ਪਿੰਡ ਦੇ ਰੱਖਿਆ ਗਾਰਡ ਪੁਰਸ਼ੋਤਮ ਕੁਮਾਰ ਦੇ ਘਰ ਨੇੜੇ ਭਾਰਤੀ ਫ਼ੌਜ ਦੀ ਰਾਸ਼ਟਰੀ ਰਾਈਫਲਜ਼ ਯੂਨਿਟ ਦੀ ਟੀਮ 'ਤੇ ਵੀ ਹਮਲਾ ਕੀਤਾ। ਇਸ ਦੇ ਮੱਦੇਨਜ਼ਰ ਫ਼ੌਜ ਨੇ ਅੱਤਵਾਦੀਆਂ ਨੂੰ ਚਾਰੋਂ ਪਾਸਿਓਂ ਘੇਰ ਲਿਆ ਹੈ।

# ਕੁਲੈਕਟਰ ਰੇਟਾਂ ’ਚ ਭਾਰੀ ਵਾਧਾ, ਰਜਿਸਟਰੀਆਂ ਦਾ ਕੰਮ ਵੀ ਹੋਇਆ ਬੰਦ



ਲਗਾਤਾਰ ਵਿੱਤੀ ਸੰਕਟ ਵੱਲ ਵੱਧ ਰਹੇ ਪੰਜਾਬ ਨੂੰ ਬਚਾਉਣ ਲਈ ਆਖਿਰ ਅੱਜ ਬਾਕੀ ਜ਼ਿਲ੍ਹਿਆਂ ਦੇ ਨਾਲ-ਨਾਲ ਜ਼ਿਲ੍ਹਾ ਪਟਿਆਲਾ ਦੇ ਕੁਲੈਕਟਰ ਰੇਟਾਂ ’ਚ 35 ਤੋਂ 55 ਫੀਸਦੀ ਤੱਕ ਦਾ ਵਾਧਾ ਕਰ ਦਿੱਤਾ ਗਿਆ ਹੈ। ਇਸ ਦਾ ਆਮ ਲੋਕਾਂ ਤੇ ਵੱਖ-ਵੱਖ ਐਸੋਸੀਏਸ਼ਨਾਂ ਵੱਲੋਂ ਵਿਰੋਧ ਵੀ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਹੀ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜਿਆ ਹੋਇਆ ਹੈ। ਹੁਣ ਇਸ ਵਾਧੇ ਨੇ ਲੋਕਾਂ ਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ ਹੈ। ਹਾਲਾਂਕਿ ਜ਼ਿਲਾ ਪ੍ਰਸ਼ਾਸਨਿਕ ਅਧਿਕਾਰੀ ਇਸ ਨੂੰ ਰੂਟੀਨ ਵਾਧਾ ਦੱਸ ਰਹੇ ਹਨ।ਮਿੰਨੀ ਸਕੱਤਰੇਤ ਦੇ ਈ-ਬਲਾਕ ਸਥਿਤ ਸਬ-ਰਜਿਸਟਰਾਰ ਦਫ਼ਤਰ ’ਚ ਅੱਜ ਤੋਂ ਲਾਗੂ ਹੋਏ ਨਵੇਂ ਜ਼ਮੀਨੀ ਕੁਲੈਕਟਰ ਰੇਟਾਂ ਨਾਲ ਪ੍ਰਾਪਰਟੀ ਦੀ ਰਜਿਸਟਰੀ ਹੋਵੇਗੀ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਵੇਂ ਜ਼ਮੀਨੀ ਕੁਲੈਕਟਰ ਰੇਟਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ। ਰੀਅਲ ਅਸਟੇਟ ਕਾਰੋਬਾਰੀਆਂ ਦਾ ਆਖਣਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਇਹ ਫ਼ੈਸਲਾ ਰੀਅਲ ਅਸਟੇਟ ਕਾਰੋਬਾਰ ਨੂੰ ਮੰਦੀ ਦੀ ਮਾਰ ਵੱਲ ਲਿਜਾਣ ਵਾਲਾ ਹੈ। ਉਨ੍ਹਾਂ ਕਿਹਾ ਕਿ 3 ਵਾਰ ਮੀਟਿੰਗਾਂ ਕੀਤੀਆਂ ਅਤੇ ਸੁਝਾਅ ਵੀ ਲਏ ਪਰ ਪ੍ਰਸ਼ਾਸਨ ਨੇ ਕਿਸੇ ਦੀ ਵੀ ਨਹੀਂ ਸੁਣੀ ਅਤੇ ਆਪਣੇ ਫ਼ੈਸਲੇ ਨੂੰ ਲਾਗੂ ਕਰ ਦਿੱਤਾ, ਜਿਸ ਨੂੰ ਲੈ ਕੇ ਰੀਅਲ ਅਸਟੇਟ ਕਾਰੋਬਾਰੀਆਂ ’ਚ ਰੋਸ ਪਾਇਆ ਜਾ ਰਿਹਾ ਹੈ।

### ਰਜਿਸਟਰੀਆਂ ਦਾ ਕੰਮ ਰਿਹਾ ਬੰਦ

ਦੱਸਣਯੋਗ ਹੈ ਕਿ ਸਬ-ਰਜਿਸਟਰਾਰ ਦਫ਼ਤਰ ’ਚ ਪ੍ਰਾਪਰਟੀਆਂ ਦੀ ਰਜਿਸਟਰੀ ਕਰਨ ਦਾ ਕੰਮ ਵੀ ਮੁਕੰਮਲ ਤੌਰ ’ਤੇ ਬੰਦ ਹੀ ਰੱਖਿਆ ਗਿਆ ਹੈ। ਜਿਹੜੇ ਲੋਕ ਰਜਿਸਟਰੀਆਂ ਕਰਵਾਉਣ ਆਉਣ ਵਾਲੇ ਸੀ, ਨੂੰ ਵਸੀਕਾ ਨਵੀਸਾਂ ਨੇ ਪਹਿਲਾਂ ਹੀ ਫੋਨ ਕਰ ਕੇ ਦਫ਼ਤਰ ’ਚ ਨਾ ਆਉਣ ਲਈ ਆਖ ਦਿੱਤਾ। ਜਾਣਕਾਰੀ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਵੇਂ ਜ਼ਮੀਨੀ ਕੁਲੈਕਟਰ ਰੇਟਾਂ ਦੀ ਲਿਸਟ ਜਾਰੀ ਕੀਤੀ ਗਈ। ਲਿਸਟ ਜਾਰੀ ਹੋਣ ਤੋਂ ਬਾਅਦ ਸਬ-ਰਜਿਸਟਰਾਰ ਦਫ਼ਤਰ ਕਰਮਚਾਰੀਆਂ ਵੱਲੋਂ ਇਨ੍ਹਾਂ ਨਵੇਂ ਜ਼ਮੀਨੀ ਕੁਲੈਕਟਰ ਰੇਟਾਂ ਨੂੰ ਕੰਪਿਊਟਰ ’ਚ ਦਰਜ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਦੇਰ ਸ਼ਾਮ ਤੱਕ ਦਫ਼ਤਰੀ ਮੁਲਾਜ਼ਮ ਨਵੇਂ ਕਲੈਕਟਰ ਰੇਟਾਂ ਨੂੰ ਕੰਪਿਊਟਰ ’ਚ ਦਰਜ ਕਰਦੇ ਰਹੇ ਤਾਂ ਕਿ ਮੰਗਲਵਾਰ ਨੂੰ ਲਾਗੂ ਕੀਤੇ ਗਏ ਜ਼ਮੀਨੀ ਕੁਲੈਕਟਰ ਰੇਟ ਦੇ ਹਿਸਾਬ ਨਾਲ ਪ੍ਰਾਪਰਟੀ ਦੀ ਰਜਿਸਟਰੀ ਹੋ ਸਕੇ।

### ਰੀਅਲ ਐਸਟੇਟ ਕਾਰੋਬਾਰ ਨੂੰ ਮੰਦੀ ਦੀ ਮਾਰ ਵੱਲ ਲਿਜਾਉਣ ਵਾਲਾ ਫ਼ੈਸਲਾ : ਰਾਣਾ

ਜ਼ਮੀਨੀ ਕੁਲੈਕਟਰ ਰੇਟ ’ਚ ਵਾਧੇ ਦੇ ਮਾਮਲੇ ਨੂੰ ਲੈ ਕੇ ਪੰਜਾਬ ਕਾਲੋਨਾਈਜ਼ਰ ਐਂਡ ਪ੍ਰਾਪਰਟੀ ਡੀਲਰ ਐਸੋਸੀਏਸ਼ਨ ਦੀ ਮੀਟਿੰਗ ਹੋਈ, ਜਿਸ ’ਚ ਕੁਲੈਕਟਰ ਰੇਟਾਂ ’ਚ ਹੋਏ ਵਾਧੇ ’ਤੇ ਰੋਸ ਪ੍ਰਗਟਾਇਆ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਰਾਣਾ ਨੇ ਆਖਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਜ਼ਮੀਨੀ ਕੁਲੈਕਟਰ ਰੇਟ ’ਚ ਵਾਧੇ ਦਾ ਫ਼ੈਸਲਾ ਰੀਅਲ ਐਸਟੇਟ ਕਾਰੋਬਾਰ ਨੂੰ ਮੰਦੀ ਦੀ ਮਾਰ ਵੱਲ ਲਿਜਾਣ ਵਾਲਾ ਹੈ।

# ਚੰਡੀਗੜ੍ਹ ਹਾਊਸਿੰਗ ਬੋਰਡ ਨੇ 16 ਫਲੈਟਾਂ ਦੀ ਅਲਾਟਮੈਂਟ ਕੀਤੀ ਰੱਦ




ਚੰਡੀਗੜ੍ਹ ਹਾਊਸਿੰਗ ਬੋਰਡ (ਸੀ. ਐੱਚ. ਬੀ.) ਨੇ ਸਮਾਲ ਫਲੈਟ ਸਕੀਮ ਤਹਿਤ ਕਰੀਬ 18,138 ਫਲੈਟ ਅਲਾਟ ਕੀਤੇ ਹਨ, ਜਿਸ ’ਚ ਕਿਫਾਇਤੀ ਰੈਂਟਲ ਹਾਊਸਿੰਗ ਕੰਪਲੈਕਸ ਸਕੀਮ ਤਹਿਤ 2,000 ਫਲੈਟ ਸ਼ਾਮਲ ਹਨ। ਇਹ ਫਲੈਟ ਅਲਾਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਹੀਨਾਵਾਰ ਲਾਇਸੈਂਸ ਫ਼ੀਸ ਦੇ ਆਧਾਰ ’ਤੇ ਦਿੱਤੇ ਕੀਤੇ ਗਏ ਹਨ ਪਰ ਕਈਆਂ ਨੇ ਕਿਰਾਇਆ ਨਹੀਂ ਭਰਿਆ ਜਾਂ ਮਕਾਨ ਅੱਗੇ ਵੇਚ ਦਿੱਤੇ, ਜੋ ਨਿਯਮਾਂ ਖ਼ਿਲਾਫ਼ ਹੈ। ਬੋਰਡ ਵੱਲੋਂ ਅਜਿਹੇ 16 ਛੋਟੇ ਫਲੈਟਾਂ ਦੀ ਅਲਾਟਮੈਂਟ ਰੱਦ ਕਰ ਦਿੱਤੀ ਹੈ। ਦੇਖਿਆ ਗਿਆ ਹੈ ਕਿ ਬਹੁਤ ਸਾਰੇ ਅਲਾਟੀਆਂ ਨੇ 800 ਰੁਪਏ ਦੀ ਮਹੀਨਾਵਾਰ ਲਾਇਸੈਂਸ ਫ਼ੀਸ ਰੈਗੂਲਰ ਤੌਰ ’ਤੇ ਅਦਾ ਨਹੀਂ ਕੀਤੀ। ਕਾਰਨ ਦੱਸੋ ਨੋਟਿਸਾਂ ਤੇ ਡਿਮਾਂਡ ਨੋਟਿਸਾਂ ਦੇ ਬਾਵਜੂਦ ਲਾਇਸੈਂਸ ਧਾਰਕਾਂ ਨੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ। ਸੀ. ਐੱਚ. ਬੀ. ਨੇ ਨੋਟਿਸਾਂ, ਰੇਡੀਓ ਘੋਸ਼ਣਾਵਾਂ ਤੇ ਹੋਰ ਸਾਧਨਾਂ ਰਾਹੀਂ ਲਾਇਸੈਂਸ ਧਾਰਕਾਂ ਨੂੰ ਜਾਗਰੂਕ ਕਰਨ ਲਈ ਯਤਨ ਕੀਤੇ। ਸਮੇਂ-ਸਮੇਂ ’ਤੇ ਡਿਫ਼ਾਲਟਰਾਂ ਦੀ ਨਿੱਜੀ ਸੁਣਵਾਈ ਵੀ ਕੀਤੀ ਜਾ ਰਹੀ ਹੈ ਪਰ ਡਿਫ਼ਾਲਟਰਾਂ ’ਤੇ 64 ਕਰੋੜ ਰੁਪਏ ਬਕਾਇਆ ਹਨ। ਇਨ੍ਹਾਂ ਅਲਾਟੀਆਂ ਦੀ ਸੂਚੀ ਚੰਡੀਗੜ੍ਹ ਹਾਊਸਿੰਗ ਬੋਰਡ ਦੀ ਵੈੱਬਸਾਈਟ ’ਤੇ ਰੈਗੂਲਰ ਤੌਰ ’ਤੇ ਅਪਡੇਟ ਹੋ ਰਹੀ ਹੈ। ਆਨਲਾਈਨ ਭੁਗਤਾਨ ਲਿੰਕ, ਕਿਸੇ ਸੰਪਰਕ ਕੇਂਦਰ ਜਾਂ ਐੱਚ. ਡੀ. ਐੱਫ. ਸੀ. ਬੈਂਕ ਸ਼ਾਖਾ ’ਚ ਆਸਾਨੀ ਨਾਲ ਬਕਾਏ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਚੰਡੀਗੜ੍ਹ ਸਮਾਲ ਫਲੈਟ ਸਕੀਮ-2006 ਦੀ ਧਾਰਾ 16(ਏ)(3) ਅਨੁਸਾਰ ਇਸ ਮਹੀਨੇ ਕਰੀਬ 16 ਛੋਟੇ ਫਲੈਟਾਂ ਦੀ ਅਲਾਟਮੈਂਟ ਰੱਦ ਕਰ ਦਿੱਤੀ ਗਈ ਹੈ। ਸੀ. ਐੱਚ. ਬੀ. ਨੇ ਡਿਫ਼ਾਲਟਰਾਂ ਨੂੰ ਬਕਾਏ ਤੁਰੰਤ ਅਦਾ ਕਰਨ ਦੀ ਚਿਤਾਵਨੀ ਦਿੱਤੀ। ਅਜਿਹਾ ਕਰਨ ’ਤੇ ਚੰਡੀਗੜ੍ਹ ਹਾਊਸਿੰਗ ਬੋਰਡ ਡਿਫ਼ਾਲਟਰਾਂ ਦੇ ਛੋਟੇ ਫਲੈਟਾਂ ਦੀ ਅਲਾਟਮੈਂਟ ਰੱਦ ਕਰਨ ਲਈ ਮਜਬੂਰ ਹੋਵੇਗਾ।

# ਵਿੱਤ ਮੰਤਰੀ ਨੇ ਖੋਲ੍ਹ 'ਤਾ ਕਿਸਾਨਾਂ ਲਈ ਖਜ਼ਾਨੇ ਦਾ ਮੂੰਹ



ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੰਗਲਵਾਰ (23 ਜੁਲਾਈ) ਨੂੰ ਵਿੱਤੀ ਸਾਲ 2024-25 ਲਈ ਆਪਣਾ ਲਗਾਤਾਰ ਸੱਤਵਾਂ ਬਜਟ ਪੇਸ਼ ਕੀਤਾ। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿੱਚ ਕਿਹਾ ਕਿ ਖੇਤੀ ਸੈਕਟਰ ਦੀ ਉਨਤੀ ਸਰਕਾਰ ਦੀ ਪਹਿਲ ਹੈ। ਉਹ ਖੇਤੀ ਵਿੱਚ ਉਤਪਾਦਕਤਾ ਵਧਾਉਣ ਲਈ ਉਪਾਅ ਕਰਨਗੇ। ਖੇਤੀ ਵਿੱਚ ਉਤਪਾਦਨ ਵਧਾਉਣ ਲਈ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਲਿਆਉਣ ਲਈ ਖੋਜ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਵਿੱਤ ਮੰਤਰੀ ਨੇ ਖੇਤੀ ਖੇਤਰ ਲਈ 1.52 ਲੱਖ ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ।

ਮੌਸਮ ਤੋਂ ਘੱਟ ਪ੍ਰਭਾਵਿਤ ਹੋਣ ਵਾਲੀਆਂ ਕਿਸਮਾਂ ਲਿਆਂਦੀਆਂ ਜਾਣਗੀਆਂ। 32 ਫ਼ਸਲਾਂ ਦੀਆਂ 109 ਕਿਸਮਾਂ ਲਿਆਂਦੀਆਂ ਜਾਣਗੀਆਂ। ਮੌਸਮ ਤੋਂ ਘੱਟ ਪ੍ਰਭਾਵਿਤ ਹੋਣ ਵਾਲੀਆਂ ਕਿਸਮਾਂ ਲਿਆਂਦੀਆਂ ਜਾਣਗੀਆਂ। ਦਾਲਾਂ ਅਤੇ ਤੇਲ ਬੀਜਾਂ ਲਈ ਮਿਸ਼ਨ ਮੋਡ 'ਤੇ ਕੰਮ ਚੱਲ ਰਿਹਾ ਹੈ। ਸਬਜ਼ੀਆਂ ਦਾ ਉਤਪਾਦਨ ਵਧਾਉਣ ਲਈ ਕਲੱਸਟਰ ਸਕੀਮ ਲਿਆਂਦੀ ਜਾਵੇਗੀ। ਤੇਲ ਬੀਜ ਉਤਪਾਦਨ ਵਿੱਚ ਆਤਮ ਨਿਰਭਰ ਬਣਨ ਦੀ ਯੋਜਨਾ ਦਾ ਐਲਾਨ ਵਿੱਤ ਮੰਤਰੀ ਵਲੋਂ ਕੀਤਾ ਗਿਆ।

### 1 ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਣ ਲਈ ਕੀਤਾ ਪ੍ਰੇਰਿਤ

ਵਿੱਤੀ ਸਾਲ 2025 ਵਿੱਚ 400 ਜ਼ਿਲ੍ਹਿਆਂ ਵਿੱਚ ਸਾਉਣੀ ਦੀਆਂ ਫਸਲਾਂ ਦਾ ਡਿਜੀਟਲ ਸਰਵੇਖਣ ਹੋਵੇਗਾ। ਝੀਂਗਾ ਉਤਪਾਦਨ ਵਧਾਉਣ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 1.52 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਸਰਕਾਰ ਵਾਤਾਵਰਣ ਮੁਤਾਬਕ ਬੀਜ ਵਿਕਸਿਤ ਕਰਨ ਲਈ ਖੋਜ ਦੀ ਵਿਆਪਕ ਸਮੀਖਿਆ ਕਰੇਗੀ। ਅਗਲੇ ਦੋ ਸਾਲਾਂ ਵਿੱਚ ਦੇਸ਼ ਭਰ ਵਿੱਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

### ਖੇਤੀਬਾੜੀ ਸੈਕਟਰ ਲਈ ਦਿੱਤੇ 1.52 ਲੱਖ ਕਰੋੜ ਰੁਪਏ

ਸਰਕਾਰ ਸੂਬਿਆਂ ਦੇ ਨਾਲ ਸਾਂਝੇਦਾਰੀ ਵਿੱਚ ਖੇਤੀਬਾੜੀ ਲਈ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰੇਗੀ। ਉਤਪਾਦਨ ਵਧਾਉਣ ਲਈ ਸਬਜ਼ੀਆਂ ਦੇ ਉਤਪਾਦਨ ਕਲੱਸਟਰਾਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਵੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ, ਇਸ ਸਾਲ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 1.52 ਲੱਖ ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

# ਸਿੱਖਿਆ, ਰੋਜ਼ਗਾਰ ਤੇ Skill Development ਲਈ ਹੋਏ ਵੱਡੇ ਐਲਾਨ




ਵਿੱਤੀ ਸਾਲ 2024-25 ਦੇ ਆਮ ਬਜਟ ਵਿਚ ਸਿੱਖਿਆ, ਰੋਜ਼ਗਾਰ ਅਤੇ ਹੁਨਰ ਵਿਕਾਸ ਲਈ 1.48 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।ਲੋਕ ਸਭਾ 'ਚ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇਸ 'ਚ ਰੁਜ਼ਗਾਰ, ਹੁਨਰ ਵਿਕਾਸ, ਐੱਮ.ਐੱਸ.ਐੱਮ.ਈ. ਅਤੇ ਮੱਧ ਵਰਗ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨੂੰ ਪੰਜ ਸਾਲਾਂ ਲਈ ਵਧਾ ਦਿੱਤਾ ਹੈ, ਜਿਸ ਨਾਲ ਦੇਸ਼ ਦੇ 80 ਕਰੋੜ ਲੋਕਾਂ ਨੂੰ ਲਾਭ ਹੋ ਰਿਹਾ ਹੈ। ਮੰਤਰੀ ਨੇ ਕਿਹਾ ਕਿ ਜਿਵੇਂ ਅੰਤਰਿਮ ਬਜਟ ਵਿਚ ਜ਼ਿਕਰ ਕੀਤਾ ਗਿਆ ਸੀ- ਗਰੀਬਾਂ, ਔਰਤਾਂ, ਨੌਜਵਾਨਾਂ ਅਤੇ ਕਿਸਾਨਾਂ 'ਤੇ ਧਿਆਨ ਦੇਣ ਦੀ ਲੋੜ ਹੈ।

### ਰੋਜ਼ਗਾਰ ਸਬੰਧੀ ਤਿੰਨ ਯੋਜਨਾਵਾਂ ਹੋਣਗੀਆਂ ਸ਼ੁਰੂ

ਸਰਕਾਰ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਰੁਜ਼ਗਾਰ ਨਾਲ ਸਬੰਧਤ ਤਿੰਨ ਯੋਜਨਾਵਾਂ ਸ਼ੁਰੂ ਕਰੇਗੀ। ਲੋਕ ਸਭਾ ਵਿਚ 2024-25 ਲਈ ਕੇਂਦਰੀ ਬਜਟ ਪੇਸ਼ ਕਰਦੇ ਹੋਏ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਰਕਾਰ ਇਕ ਮਹੀਨੇ ਦਾ ਪੀ.ਐੱਫ. (ਪ੍ਰਾਵੀਡੈਂਟ ਫੰਡ) ਯੋਗਦਾਨ ਦੇ ਕੇ ਨੌਕਰੀ ਦੇ ਬਾਜ਼ਾਰ ਵਿਚ ਦਾਖਲ ਹੋਣ ਵਾਲੇ 30 ਲੱਖ ਨੌਜਵਾਨਾਂ ਨੂੰ ਪ੍ਰੋਤਸਾਹਿਤ ਕਰੇਗੀ। ਉਨ੍ਹਾਂ ਐਲਾਨ ਕੀਤਾ ਕਿ ਕੰਮਕਾਜੀ ਔਰਤਾਂ ਲਈ ਕੰਮਕਾਜੀ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਦੇਸ਼ ਵਿਚ ਹੋਸਟਲ ਬਣਾਏ ਜਾਣਗੇ। ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਵਾਤਾਵਰਣ ਅਨੁਕੂਲ ਬੀਜ ਵਿਕਸਿਤ ਕਰਨ ਲਈ ਨਿੱਜੀ ਖੇਤਰ, ਖੇਤਰ ਦੇ ਮਾਹਿਰਾਂ ਅਤੇ ਹੋਰਾਂ ਨੂੰ ਫੰਡ ਮੁਹੱਈਆ ਕਰਵਾਏਗੀ। ਪਹਿਲਾਂ ਤੋਂ ਮੌਜੂਦ ਯੋਜਨਾ - ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ) ਦਾ ਉਦੇਸ਼ ਹਰੇਕ ਪਰਿਵਾਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਵਿੱਤੀ ਸਾਲ ਵਿਚ 100 ਦਿਨਾਂ ਦਾ ਰੁਜ਼ਗਾਰ ਪ੍ਰਦਾਨ ਕਰਨਾ ਹੈ।

# ਲੁਧਿਆਣਾ ਬਸ ਸਟੈਂਡ ਨੇੜੇ ਇੱਕ ਹੋਟਲ ‘ਚ ਨੌਜਵਾਨ ਦੀ ਸ਼ੱਕੀ ਹਾਲਾਤਾਂ ‘ਚ ਮੌਤ, ਪੁਲਿਸ ਕਰ ਰਹੀ ਜਾਂਚ



ਲੁਧਿਆਣਾ ਦੇ ਬੱਸ ਸਟੈਂਡ ਦੇ ਨੇੜੇ ਰਾਏਕੋਟ ਦੇ ਰਹਿਣ ਵਾਲੇ ਇਕ ਨੌਜਵਾਨ ਵੱਲੋਂ ਸ਼ੱਕੀ ਹਲਾਤਾਂ ਵਿੱਚ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਨੌਜਵਾਨ ਨੇ ਫਾਹਾ ਲਗਾ ਕੇ ਖੁਦਕੁਸ਼ੀ ਕੀਤੀ ਹੈ। ਸੂਚਨਾ ਮਿਲਣ ਦੇ ਬਾਅਦ ਥਾਣਾ ਕੋਚਰ ਮਾਰਕੀਟ ਅਤੇ ਥਾਣਾ ਡਵੀਜ਼ਨ ਨੰ. 5 ਦੀ ਪੁਲਿਸ ਮੌਕੇ ’ਤੇ ਪਹੁੰਚੀ। ਮ੍ਰਿਤਕ ਦੀ ਪਛਾਣ ਅੰਮ੍ਰਿਤਪਾਲ ਸਿੰਘ ਨਿਵਾਸੀ ਰਾਏਕੋਟ ਵਜੋਂ ਹੋਈ ਹੈ। ਥਾਣਾ ਇੰਚਾਰਜ ਇੰਸਪੈਕਟਰ ਵਿਜੇ ਕੁਮਾਰ ਨੇ ਦੱਸਿਆ ਕਿ ਬੀਤੇ ਦਿਨੀਂ ਅੰਮ੍ਰਿਤਪਾਲ ਸਿੰਘ ਬੱਸ ਸਟੈਂਡ ਦੇ ਨੇੜੇ ਇਕ ਹੋਟਲ ਦਾ ਕਮਰਾ ਕਿਰਾਏ ’ਤੇ ਲਿਆ ਸੀ। ਸੋਮਵਾਰ ਸਵੇਰੇ ਕਾਫੀ ਸਮੇਂ ਤੱਕ ਰੂਮ ਨਹੀਂ ਖੁੱਲ੍ਹਾ ਤਾਂ ਹੋਟਲ ਪ੍ਰਬੰਧਕਾਂ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਪੁਲਿਸ ਮੌਕੇ ’ਤੇ ਪਹੁੰਚੀ ਤਾਂ ਪਤਾ ਲੱਗਾ ਕਿ ਅੰਮ੍ਰਿਤਪਾਪੁਲਿਸ ਨੇ ਅੰਮ੍ਰਿਤਪਾਲ ਦੀ ਲਾਸ਼ ਦਾ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਅੰਮ੍ਰਿਤਪਾਲ ਨੇ ਖੁਦਕੁਸ਼ੀ ਕਿਉਂ ਕੀਤੀ ਫਿਲਹਾਲ ਇਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਲਾਂਡਰਾ ਤੋਂ ਖਰੜ ਜਾਣ ਵਾਲੇ ਦੇਣ ਧਿਆਨ, ਇਸ Road ਤੇ ਲੱਗਾ ਭਾਰੀ ਜਾਮ



ਲਾਂਡਰਾ ਤੋਂ ਖਰੜ ਜਾਣ ਵਾਲੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਇਸ ਰੋਡ 'ਤੇ ਸੀਮੈਂਟ ਦਾ ਭਰਿਆ ਟੈਂਕਰ ਪਲਟ ਗਿਆ ਹੈ, ਜਿਸ ਕਾਰਨ ਆਵਾਜਾਈ ਠੱਪ ਹੋ ਗਈ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਖਰੜ ਰੋਡ ਸੰਤੇਮਾਜਰਾ ਰੋਡ ਗੁਰੂ ਦਰਬਾਰ ਨੇੜੇ ਵਾਪਰਿਆ।ਇੱਥੇ ਸੀਮੈਂਟ ਦਾ ਭਰਿਆ ਟੈਂਕਰ ਪਲਟਣ ਕਾਰਨ ਸੜਕ 'ਤੇ ਜਾਮ ਲੱਗ ਗਿਆ ਅਤੇ ਸੜਕ ਦੇ ਦੋਵੇਂ ਪਾਸਿਓਂ ਆਵਾਜਾਈ ਬੰਦ ਹੋ ਗਈ। ਇਸ ਹਾਦਸੇ ਦੌਰਾਨ ਟੈਂਕਰ ਚਾਲਕ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਫਿਲਹਾਲ ਸੜਕ 'ਤੇ ਭਾਰੀ ਜਾਮ ਲੱਗਾ ਹੋਇਆ ਹੈ। ਇਸੇ ਤਰ੍ਹਾਂ ਮੋਹਾਲੀ ਏਅਰਪੋਰਟ ਰੋਡ 'ਤੇ ਵੀ ਹਾਦਸਾ ਵਾਪਰਿਆ।ਇੱਥੇ ਗਿਲਕੋ ਪਾਰਤ ਨੇੜ ਕਈ ਗੱਡੀਆਂ ਪਲਟ ਗਈਆਂ ਅਤੇ ਗੱਡੀਆਂ 'ਚ ਸਵਾਰ ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ। ਫਿਲਹਾਲ ਹਾਦਸੇ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

# ਬਾਰਿਸ਼ ਕਾਰਨ ਹੁੰਮਸ ਤੋਂ ਮਿਲੀ ਰਾਹਤ, ਮਾਨਸੂਨ ਦੇ ਇਸ ਸੀਜ਼ਨ ’ਚ 30 ਫੀਸਦੀ ਘੱਟ ਪਿਆ ਮੀਂਹ



ਗੁਰਦਾਸਪੁਰ ਜ਼ਿਲ੍ਹੇ ਅੰਦਰ ਇਸ ਵਾਰ ਮਾਨਸੂਨ ਦੇ ਸੀਜ਼ਨ ’ਚ ਹੁਣ ਤੱਕ 30 ਫੀਸਦੀ ਘੱਟ ਬਾਰਿਸ਼ ਦਰਜ ਕੀਤੀ ਗਈ ਹੈ ਪਰ ਦੂਜੇ ਪਾਸੇ ਅੱਜ ਸਵੇਰੇ ਇਸ ਖੇਤਰ ਅੰਦਰ ਹੋਈ 16.6 ਐੱਮ. ਐੱਮ. ਬਾਰਿਸ਼ ਨੇ ਲੋਕਾਂ ਨੂੰ ਗਰਮੀ ਅਤੇ ਹੁੰਮਸ ਤੋਂ ਕਾਫੀ ਰਾਹਤ ਦਿੱਤੀ ਹੈ, ਜਿਸ ਕਾਰਨ ਅੱਜ ਸਾਰਾ ਦਿਨ ਮੌਸਮ ’ਚ ਆਮ ਦੇ ਮੁਕਾਬਲੇ ਘੱਟ ਹੁੰਮਸ ਦਰਜ ਕੀਤੀ ਗਈ ਹੈ।ਇਸ ਬਾਰਿਸ਼ ਕਾਰਨ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲੀ ਹੈ, ਨਾਲ ਹੀ ਕਿਸਾਨਾਂ ਨੇ ਵੀ ਵੱਡੀ ਰਾਹਤ ਮਹਿਸੂਸ ਕੀਤੀ ਹੈ ਪਰ ਅਜੇ ਵੀ ਕਿਸਾਨ ਇਸ ਗੱਲ ਨੂੰ ਲੈ ਕੇ ਨਿਰਾਸ਼ ਹਨ ਕਿ ਝੋਨੇ ਅਤੇ ਹੋਰ ਫਸਲਾਂ ਲਈ ਲੋੜੀਂਦੀ ਮਾਤਰਾ ’ਚ ਬਾਰਿਸ਼ ਨਹੀਂ ਪੈ ਰਹੀ। ਮੌਸਮ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਬੀਤੇ ਦਿਨ ਗੁਰਦਾਸਪੁਰ ਅੰਦਰ 16.6 ਐੱਮ. ਐੱਮ. ਅਹਿਮ ਬਾਰਿਸ਼ ਹੋਈ ਹੈ। ਜੇਕਰ ਇਕੱਲੇ ਜੁਲਾਈ ਮਹੀਨੇ ਦੀ ਗੱਲ ਕੀਤੀ ਜਾਵੇ ਤਾਂ ਇਸ ਮਹੀਨੇ ਦੌਰਾਨ ਕੁੱਲ 129.4 ਐੱਮ. ਐੱਮ. ਬਾਰਿਸ਼ ਹੋਈ ਹੈ, ਜਦੋਂ ਕਿ ਆਮ ਤੌਰ ’ਤੇ ਜੁਲਾਈ ਮਹੀਨੇ ’ਚ ਇਸ ਖੇਤਰ ਅੰਦਰ 166.1 ਐੱਮ. ਐੱਮ. ਬਾਰਿਸ਼ ਹੋਣੀ ਚਾਹੀਦੀ ਸੀ। ਇਸ ਤਰ੍ਹਾਂ ਇਸ ਖੇਤਰ ’ਚ ਇਸੇ ਮਹੀਨੇ 22 ਫੀਸਦੀ ਘੱਟ ਬਾਰਿਸ਼ ਦਰਜ ਕੀਤੀ ਗਈ ਹੈ।ਜੇਕਰ ਪੂਰੇ ਸੀਜ਼ਨ ਦੀ ਗੱਲ ਕੀਤੀ ਜਾਵੇ ਤਾਂ ਮਾਨਸੂਨ ਦੇ ਇਸ ਸੀਜ਼ਨ ’ਚ ਹੁਣ ਤੱਕ 163.5 ਐੱਮ. ਐੱਮ. ਬਾਰਿਸ਼ ਦਰਜ ਕੀਤੀ ਗਈ ਹੈ, ਜਦੋਂ ਕਿ ਆਮ ਤੌਰ ’ਤੇ ਇਸ ਮੌਕੇ ਹੁਣ ਤੱਕ 23.3 ਐੱਮ. ਐੱਮ. ਬਾਰਿਸ਼ ਹੋਣੀ ਚਾਹੀਦੀ ਸੀ। ਇਸ ਤਰ੍ਹਾਂ ਇਹ ਅਨੁਮਾਨ ਲਗਾਇਆ ਗਿਆ ਕਿ ਇਸ ਸੀਜ਼ਨ ਵਿਚ ਹੁਣ ਤੱਕ 30 ਫੀਸਦੀ ਘੱਟ ਬਾਰਿਸ਼ ਹੋਈ ਹੈ। ਇਸ ਮੌਕੇ ਇਸ ਖੇਤਰ ਅੰਦਰ ਦਿਨ ਦਾ ਤਾਪਮਾਨ ਕਰੀਬ 34 ਡਿਗਰੀ ਅਤੇ ਸ਼ਾਮ ਦਾ ਤਾਪਮਾਨ 26 ਡਿਗਰੀ ਦੇ ਕਰੀਬ ਦਰਜ ਕੀਤਾ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਵੀ ਦਿਨ ਦਾ ਤਾਪਮਾਨ 32 ਤੋਂ 33 ਡਿਗਰੀ ਦੇ ਕਰੀਬ ਰਹਿਣ ਦੀ ਸੰਭਾਵਨਾ ਹੈ, ਜਦੋਂ ਕਿ ਰਾਤ ਦਾ ਔਸਤਨ ਤਾਪਮਨ 25 ਡਿਗਰੀ ਦੇ ਕਰੀਬ ਰਹੇਗਾ। ਆਉਣ ਵਾਲੇ ਦਿਨਾਂ ’ਚ ਵੀ ਇਸ ਖੇਤਰ ਅੰਦਰ ਬੱਦਲਵਾਈ ਅਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

# ਗਾਇਕ ਸਿੰਗਾ ਲਹੂ ਨਾਲ ਹੋਇਆ ਲਥਪਥ



ਪੰਜਾਬੀ ਗਾਇਕ ਸਿੰਗਾ ਨੇ ਆਪਣੀ ਗਾਇਕੀ ਨਾਲ ਨਾ ਸਿਰਫ ਦੇਸ਼ ਸਗੋਂ ਵਿਦੇਸ਼ ਬੈਠੇ ਪੰਜਾਬੀਆਂ ਦਾ ਦਿਲ ਵੀ ਜਿੱਤਿਆ ਹੈ। ਕਲਾਕਾਰ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਅਕਸਰ ਪ੍ਰਸ਼ੰਸਕਾਂ ਵਿਚਾਲੇ ਐਕਟਿਵ ਨਜ਼ਰ ਆਉਂਦਾ ਹੈ ਪਰ ਇਸ ਵਿਚਾਲੇ ਕਲਾਕਾਰ ਨੇ ਇੱਕ ਅਜਿਹਾ ਵੀਡੀਓ ਸ਼ੇਅਰ ਕੀਤਾ ਹੈ, ਜਿਸ ਨੇ ਪ੍ਰਸ਼ੰਸਕਾਂ ਵਿਚਾਲੇ ਤਹਿਲਕਾ ਮਚਾ ਦਿੱਤਾ ਹੈ। ਦਰਅਸਲ, ਗਾਇਕ ਨੇ ਇੰਸਟਾਗ੍ਰਾਮ 'ਤੇ ਲਹੂ-ਲੁਹਾਣ ਹੋਏ ਇੱਕ ਵੀਡੀਓ ਸ਼ੇਅਰ ਕੀਤਾ ਹੈ, ਜਿਸ ਨੂੰ ਵੇਖ ਹਰ ਕੋਈ ਹੈਰਾਨ ਹੋ ਰਿਹਾ ਹੈ। ਦੱਸ ਦੇਈਏ ਕਿ ਕਲਾਕਾਰ ਵੱਲੋਂ ਸ਼ੇਅਰ ਕੀਤੇ ਵੀਡੀਓ 'ਚ ਸਿੰਗਾ ਲਹੂ ਨਾਲ ਲਥਪਥ ਨਜ਼ਰ ਆ ਰਹੇ ਹਨ। ਹਾਲਾਂਕਿ ਵੀਡੀਓ ਤੋਂ ਸਾਫ਼ ਪਤਾ ਚੱਲ ਰਿਹਾ ਹੈ ਕਿ ਸਿੰਗਾ ਆਪਣੇ ਪ੍ਰਸ਼ੰਸਕਾਂ ਵਿਚਾਲੇ ਜਲਦ ਹੀ ਕੋਈ ਨਵਾਂ ਪ੍ਰੋਜੈਕਟ ਲੈ ਕੇ ਪੇਸ਼ ਹੋਣਗੇ, ਜਿਸ ਤੋਂ ਕਲਾਕਾਰ ਦਾ ਅਜਿਹਾ ਰੂਪ ਵੇਖਣ ਨੂੰ ਮਿਲਿਆ ਹੈ। ਕਲਾਕਾਰ ਦੇ ਇਸ ਵੀਡੀਓ 'ਤੇ ਪ੍ਰਸ਼ੰਸਕਾਂ ਵੱਲੋਂ ਲਗਾਤਾਰ ਕੁਮੈਂਟ ਕੀਤੇ ਜਾ ਰਹੇ ਹਨ।ਗਾਇਕ ਸਿੰਗਾ ਵੱਲੋਂ ਸ਼ੇਅਰ ਕੀਤੀ ਇਸ ਵੀਡੀਓ 'ਤੇ ਲਗਾਤਾਰ ਯੂਜ਼ਰਸ ਕੁਮੈਂਟ ਕਰ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਇੱਕ ਯੂਜ਼ਰ ਨੇ ਕੁਮੈਂਟ ਕਰ ਲਿਖਿਆ, ''ਇਹ ਕੀ ਹੋ ਗਿਆ... ਇਸ ਦੇ ਨਾਲ ਹੀ ਇੱਕ ਹੋਰ ਯੂਜ਼ਰ ਨੇ ਕੁਮੈਂਟ ਕਰ ਕਿਹਾ ਇਹ ਕੀ ਕਰ ਰਹੇ ਹੋ ਤੁਸੀ, ਜਦਕਿ ਇੱਕ ਹੋਰ ਟਿੱਪਣੀ ਕਰਦੇ ਹੋਏ ਕਿਹਾ ਕੀ ਇਹ ਬਲੱਡ ਹੈ ਜਾਂ ਅਨਾਰ ਦਾ ਜੂਸ।

# ‘ਉਸਤਾਦ ਜੀ’ ਲਈ ਇਕੱਠੇ ਹੋਏ ਬੱਬੂ ਮਾਨ ਤੇ ਗੁਰੂ ਰੰਧਾਵਾ,




ਬੱਬੂ ਮਾਨ ਤੇ ਗੁਰੂ ਰੰਧਾਵਾ ਦੇ ਲੱਖਾਂ ਲੋਕ ਦੀਵਾਨੇ ਹਨ। ਹਾਲ ਹੀ ’ਚ ਦੋਵਾਂ ਨੂੰ ‘ਪਾਗਲ’ ਗੀਤ ’ਚ ਇਕੱਠੇ ਗਾਇਕੀ ਕਰਦੇ ਦੇਖਿਆ ਗਿਆ ਸੀ। ਦੋਵਾਂ ਨੇ ਇਸ ਗੀਤ ’ਚ ਫੀਚਰ ਵੀ ਕੀਤਾ ਸੀ, ਜਿਸ ਨੂੰ ਯੂਟਿਊਬ ’ਤੇ 40 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਹੁਣ ਦੋਵਾਂ ਸਿਤਾਰਿਆਂ ਦੇ ਪ੍ਰਸ਼ੰਸਕਾਂ ਲਈ ਵੱਡੀ ਖ਼ੁਸ਼ਖ਼ਬਰੀ ਸਾਹਮਣੇ ਆਈ ਹੈ। ਦੋਵੇਂ ਸਿਤਾਰੇ ਬਹੁਤ ਜਲਦ ਇਕੱਠੇ ਪੰਜਾਬੀ ਫ਼ਿਲਮ ’ਚ ਨਜ਼ਰ ਆਉਣ ਵਾਲੇ ਹਨ, ਜਿਸ ਦਾ ਨਾਂ ‘ਉਸਤਾਦ ਜੀ’ ਹੈ। ਜਿਥੇ ਬੱਬੂ ਮਾਨ ਨੂੰ ਆਖਰੀ ਵਾਰ ਫ਼ਿਲਮ ‘ਬੰਜਾਰਾ’ ’ਚ ਦੇਖਿਆ ਗਿਆ ਸੀ, ਉਥੇ ਗੁਰੂ ਰੰਧਾਵਾ ਦੀ ਪਿਛਲੇ ਸਾਲ ਹਿੰ‘ਉਸਤਾਦ ਜੀ’ ਫ਼ਿਲਮ ਦੀ ਗੱਲ ਕਰੀਏ ਤਾਂ ਇਸ ਨੂੰ ਬੌਸ ਮਿਊਜ਼ਿਕਾ ਵਲੋਂ ਪੇਸ਼ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨਾਲ ਫ਼ਿਲਮੀਲੋਕ ਵੀ ਜੁੜਿਆ ਹੋਇਆ ਹੈ। ਇਸ ਫ਼ਿਲਮ ਨੂੰ ਲਿਖਣ ਤੇ ਡਾਇਰੈਕਟ ਕਰਨ ਦੀ ਜ਼ਿੰਮੇਵਾਰੀ ਧੀਰਜ ਕੇਦਾਰਨਾਥ ਰਤਨ ਦੇ ਮੋਢਿਆਂ ’ਤੇ ਹੈ। ਫ਼ਿਲਮ ਨੂੰ ਇਸ਼ਾਨ ਕਪੂਰ, ਧਰਮਿੰਦਰ, ਸ਼ਾਹ ਜੰਡਿਆਲੀ ਤੇ ਡਾ. ਬੰਟੀ ਪ੍ਰੋਡਿਊਸ ਕਰ ਰਹੇ ਹਨ। ਫ਼ਿਲਹਾਲ ਫ਼ਿਲਮ ਦੀ ਰਿਲੀਜ਼ ਡੇਟ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਉਮੀਦ ਹੈ ਕਿ ਇਹ ਫ਼ਿਲਮ ਸਾਲ 2025 ’ਚ ਰਿਲੀਜ਼ ਹੋ ਸਕਦੀ ਹੈ। ਦੀ ਫ਼ਿਲਮ ‘ਕੁਛ ਖੱਟਾ ਹੋ ਜਾਏ’ ਰਿਲੀਜ਼ ਹੋਈ ਸੀ।



# ਤਿਸ਼ਾ ਦੀ ਮੌਤ ਤੋਂ ਬਾਅਦ ਭੈਣਾਂ ਨੇ ਸ਼ੇਅਰ ਕੀਤੀ ਦੁੱਖਦਾਇਕ ਪੋਸਟ, ਕਿਹਾ ਅਸੀਂ ਤੁਹਾਨੂੰ ਲਾੜੀ ਦਾ ਰੂਪ 'ਚ ਦੇਖਣਾ ਚਾਹੁੰਦੇ ਸੀ..



ਅਦਾਕਾਰ ਅਤੇ ਟੀ-ਸੀਰੀਜ਼ ਦੇ ਸਹਿ-ਮਾਲਕ ਕ੍ਰਿਸ਼ਨ ਕੁਮਾਰ ਦੀ ਧੀ ਤਿਸ਼ਾ ਕੁਮਾਰ 18 ਜੁਲਾਈ ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਉਸ ਦੀ ਜਵਾਨ ਧੀ ਦੀ ਮੌਤ ਨਾਲ ਉਸ ਦਾ ਪੂਰਾ ਪਰਿਵਾਰ ਤਬਾਹ ਹੋ ਗਿਆ ਸੀ। ਕੱਲ੍ਹ ਉਸ ਦੇ ਅੰਤਿਮ ਸੰਸਕਾਰ ਮੌਕੇ ਉਸ ਦੇ ਮਾਤਾ-ਪਿਤਾ ਕ੍ਰਿਸ਼ਨ ਕੁਮਾਰ ਅਤੇ ਤਾਨਿਆ ਬੁਰੀ ਹਾਲਤ 'ਚ ਰੋਂਦੇ ਨਜ਼ਰ ਆਏ। ਇਸ ਦੇ ਨਾਲ ਹੀ ਹੁਣ ਤਿਸ਼ਾ ਦੀ ਭੈਣ ਤੁਲਸੀ ਅਤੇ ਖੁਸ਼ਹਾਲੀ ਕੁਮਾਰ ਨੇ ਬਹੁਤ ਭਾਵੁਕ ਨੋਟ ਲਿਖਿਆ ਅਤੇ ਆਪਣੀਆਂ ਕਈ ਤਸਵੀਰਾਂ ਵੀ ਸ਼ੇਅਰ ਕੀਤੀਆਂ ਹਨ। ਤੁਲਸੀ ਕੁਮਾਰ ਅਤੇ ਖੁਸ਼ਹਾਲੀ ਨੇ ਆਪਣੇ ਇੰਸਟਾਗ੍ਰਾਮ 'ਤੇ ਤਿਸ਼ਾ ਨਾਲ ਤਸਵੀਰਾਂ ਸਾਂਝੀਆਂ ਕੀਤੀਆਂ ਅਤੇ ਲਿਖਿਆ, ''ਸਾਡੀ ਪਿਆਰੀ ਤਿਸ਼ਾ ਇਹ ਜਾਣ ਕੇ ਮੇਰਾ ਦਿਲ ਟੁੱਟ ਗਿਆ ਕਿ ਤੁਸੀਂ ਚਲੇ ਗਏ ਹੋ। ਇਹ ਤੁਹਾਡੇ ਜਾਣ ਦਾ ਸਮਾਂ ਨਹੀਂ ਸੀ, ਅਸੀਂ ਤੁਹਾਨੂੰ ਵਧਦਾ, ਖੁਸ਼ਹਾਲ, ਸਫਲਤਾ ਪ੍ਰਾਪਤ ਕਰਨਾ ਅਤੇ ਤੁਹਾਨੂੰ ਵਿਆਹ ਦੇ ਪਹਿਰਾਵੇ 'ਚ ਦੇਖਣਾ ਚਾਹੁੰਦੇ ਸੀ, ਨਾ ਕਿ ਅਜਿਹਾ । ਬਹੁਤ ਜਲਦੀ ਚਲੇ ਗਏ। ਪ੍ਰਮਾਤਮਾ ਤੁਹਾਡੀ ਆਤਮਾ ਨੂੰ ਸ਼ਾਂਤੀ ਦੇਵੇ ਛੋਟੀ ਭੈਣ।”ਇਸ ਦੇ ਨਾਲ ਹੀ ਅਦਾਕਾਰਾ-ਨਿਰਮਾਤਾ ਦਿਵਿਆ ਖੋਸਲਾ ਕੁਮਾਰ ਨੇ ਵੀ ਤਿਸ਼ਾ ਦੀ ਮੌਤ 'ਤੇ ਦੁੱਖ ਜ਼ਾਹਰ ਕੀਤਾ ਅਤੇ ਉਨ੍ਹਾਂ ਨਾਲ ਛੁੱਟੀਆਂ ਦੀਆਂ ਕਈ ਤਸਵੀਰਾਂ ਪੋਸਟ ਕੀਤੀਆਂ ਅਤੇ ਲਿਖਿਆ, “ਤਿਸ਼ਾ ਤੁਸੀਂ ਇੰਨੀ ਜਲਦੀ ਚਲੇ ਗਏ, ਤੁਸੀਂ ਹਮੇਸ਼ਾ ਸਾਡੇ ਦਿਲਾਂ 'ਚ ਰਹੋਗੇ। ਤਾਨਿਆ ਪ੍ਰਮਾਤਮਾ ਤੁਹਾਨੂੰ ਇਸ ਸਭ ਤੋਂ ਦੁਖਦਾਈ ਘਾਟੇ ਨੂੰ ਪਾਰ ਕਰਨ ਦੀ ਤਾਕਤ ਦੇਵੇ।” ਤੁਹਾਨੂੰ ਦੱਸ ਦੇਈਏ ਕਿ ਕ੍ਰਿਸ਼ਨ ਕੁਮਾਰ ਦੀ ਬੇਟੀ ਸਿਰਫ 20 ਸਾਲ ਦੀ ਸੀ ਅਤੇ ਲੰਬੇ ਸਮੇਂ ਤੋਂ ਕੈਂਸਰ ਨਾਲ ਲੜਾਈ ਲੜ ਰਹੀ ਸੀ। ਪਰ ਉਹ ਇਸ ਗੰਭੀਰ ਬੀਮਾਰੀ 'ਤੇ ਕਾਬੂ ਨਾ ਪਾ ਸਕੀ ਅਤੇ 18 ਜੁਲਾਈ ਨੂੰ ਜਰਮਨੀ 'ਚ ਉਸ ਦੀ ਮੌਤ ਹੋ ਗਈ। 22 ਜੁਲਾਈ ਨੂੰ ਤਿਸ਼ਾ ਦਾ ਅੰਤਿਮ ਸੰਸਕਾਰ ਮੁੰਬਈ 'ਚ ਕੀਤਾ ਗਿਆ, ਜਿੱਥੇ ਬਾਲੀਵੁੱਡ ਦੇ ਕਈ ਸਿਤਾਰੇ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਪਹੁੰਚੇ।

# ਮਸ਼ਹੂਰ ਅਦਾਕਾਰਾ ਅਨੰਨਿਆ ਪਾਂਡੇ ਨੇ ਖਰੀਦੀ ਨਵੀਂ ਕਾਰ



ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ 'ਚ ਆਪਣੇ ਦਮਦਾਰ ਡਾਂਸ ਤੋਂ ਬਾਅਦ ਅਨੰਨਿਆ ਪਾਂਡੇ ਇੱਕ ਵਾਰ ਫਿਰ ਸੁਰਖੀਆਂ 'ਚ ਹੈ। ਇਸ ਵਾਰ ਸੁਰਖੀਆਂ ਦਾ ਕਾਰਨ ਅਨੰਨਿਆ ਪਾਂਡੇ ਦੀ ਨਵੀਂ ਕਾਰ ਹੈ। ਦਰਅਸਲ, ਅਨੰਨਿਆ ਪਾਂਡੇ ਨੇ ਹਾਲ ਹੀ 'ਚ 3 ਕਰੋੜ ਰੁਪਏ ਦੀ ਸਫੇਦ ਰੰਗ ਦੀ ਰੇਂਜ ਰੋਵਰ ਲਗਜ਼ਰੀ ਕਾਰ ਖਰੀਦੀ ਹੈ। ਅਨੰਨਿਆ ਨੂੰ ਹਾਲ ਹੀ 'ਚ ਆਪਣੀ ਨਵੀਂ ਕਾਰ ਨਾਲ ਜਿਮ ਲੁੱਕ 'ਚ ਦੇਖਿਆ ਗਿਆ ਸੀ ਪਰ ਅਨੰਨਿਆ ਦੀ ਮਹਿੰਦੀ ਨੇ ਉਸ ਦੀ ਕਾਰ ਨਾਲੋਂ ਜ਼ਿਆਦਾ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਅਨੰਨਿਆ ਪਾਂਡੇ ਨੂੰ ਹਾਲ ਹੀ 'ਚ ਮੁੰਬਈ ਦੇ ਬਾਂਦਰਾ 'ਚ ਆਪਣੀ ਨਵੀਂ ਕਾਰ ਨਾਲ ਦੇਖਿਆ ਗਿਆ। ਕਾਰ ਦੇ ਅਗਲੇ ਹਿੱਸੇ 'ਤੇ ਗੇਂਦਿਆਂ ਦੇ ਫੁੱਲ ਦੀ ਮਾਲਾ ਲਗਾਈ ਹੋਈ ਸੀ, ਜਿਸ ਤੋਂ ਪਤਾ ਚੱਲਦਾ ਸੀ ਕਿ ਅਨੰਨਿਆ ਨੇ ਇਹ ਕਾਰ ਹਾਲ ਹੀ 'ਚ ਖਰੀਦੀ ਹੈ। ਇਸ ਦੌਰਾਨ ਅਨੰਨਿਆ ਕੈਜ਼ੂਅਲ ਲੁੱਕ 'ਚ ਸੀ। ਆਪਣੀ 3 ਕਰੋੜ ਰੁਪਏ ਦੀ ਨਵੀਂ ਕਾਰ ਤੋਂ ਬਾਹਰ ਨਿਕਲਣ ਤੋਂ ਬਾਅਦ, ਅਨੰਨਿਆ ਪਾਂਡੇ ਨੇ ਪਾਪਰਾਜ਼ੀ ਨੂੰ ਇੱਕ ਵੱਡੀ ਮੁਸਕਾਨ ਦਿੱਤੀ। ਇਸ ਦੌਰਾਨ ਅਨੰਨਿਆ ਦੇ ਹੱਥਾਂ 'ਤੇ ਲਗਾਈ ਗਈ ਮਹਿੰਦੀ ਵੱਲ ਸਾਰਿਆਂ ਦਾ ਧਿਆਨ ਖਿੱਚਿਆ ਗਿਆ। ਅਨੰਨਿਆ ਪਾਂਡੇ ਨੇ ਇਹ ਮਹਿੰਦੀ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੌਰਾਨ ਲਗਾਈ ਸੀ।ਨਵੀਂ ਕਾਰ ਦੇ ਨਾਲ ਕੈਜ਼ੂਅਲ ਲੁੱਕ 'ਚ ਅਨੰਨਿਆ ਪਾਂਡੇ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ 'ਚ ਅਨੰਨਿਆ ਪਾਂਡੇ ਕਾਫੀ ਖੁਸ਼ ਨਜ਼ਰ ਆ ਰਹੀ ਹੈ। ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੌਰਾਨ ਵੀ ਉਹ ਕਾਫੀ ਖੁਸ਼ ਨਜ਼ਰ ਆ ਰਹੀ ਸੀ। ਅਨੰਤ ਅੰਬਾਨੀ ਦੇ ਵਿਆਹ ਦੇ ਪ੍ਰੋਗਰਾਮ 'ਚ ਵੀ ਅਨੰਨਿਆ ਪਾਂਡੇ ਨੇ ਰਣਵੀਰ ਸਿੰਘ ਅਤੇ ਹਾਰਦਿਕ ਪੰਡਯਾ ਨਾਲ ਖੁਲ ਕੇ ਡਾਂਸ ਕੀਤਾ, ਜਿਸ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ।ਤੁਹਾਨੂੰ ਦੱਸ ਦੇਈਏ ਕਿ ਇਸ ਸਾਲ ਅਪ੍ਰੈਲ 'ਚ ਖ਼ਬਰ ਸਾਹਮਣੇ ਆਈ ਸੀ ਕਿ ਅਨੰਨਿਆ ਪਾਂਡੇ ਦਾ ਆਦਿਤਿਆ ਰਾਏ ਕਪੂਰ ਨਾਲ ਬ੍ਰੇਕਅੱਪ ਹੋ ਗਿਆ ਹੈ। ਆਦਿਤਿਆ ਰਾਏ ਕਪੂਰ ਨਾਲ ਬ੍ਰੇਕਅੱਪ ਤੋਂ ਬਾਅਦ ਅਨੰਨਿਆ ਸਿੰਗਲ ਹੈ ਅਤੇ ਆਪਣੀ ਸਿੰਗਲ ਲਾਈਫ ਦਾ ਕਾਫੀ ਆਨੰਦ ਲੈ ਰਹੀ ਹੈ। ਵਰਕ ਫਰੰਟ ਦੀ ਗੱਲ ਕਰੀਏ ਤਾਂ ਅਨੰਨਿਆ ਆਖਰੀ ਵਾਰ 'ਖੋ ਗਏ ਹਮ ਕਹਾਂ' 'ਚ ਨਜ਼ਰ ਆਈ ਸੀ। ਇਸ ਫਿਲਮ 'ਚ ਅਨੰਨਿਆ ਪਾਂਡੇ ਦੀ ਅਦਾਕਾਰੀ ਦੀ ਕਾਫੀ ਤਾਰੀਫ ਹੋਈ ਸੀ।

# ਕੰਗਨਾ ਰਣੌਤ ਨੇ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਕੀਤਾ ਸਮਰਥਨ




ਕੰਗਨਾ ਰਣੌਤ ਆਪਣੇ ਬੇਬਾਕ ਅੰਦਾਜ਼ ਲਈ ਜਾਣੀ ਜਾਂਦੀ ਹੈ। ਹਾਲ ਹੀ 'ਚ ਅਦਾਕਾਰਾ ਅਤੇ ਸੰਸਦ ਮੈਂਬਰ ਨੂੰ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਸਮਰਥਨ ਕਰਦੇ ਦੇਖਿਆ ਗਿਆ। ਦਰਅਸਲ ਇਹ ਸਾਰਾ ਮਾਮਲਾ ਅਮਰੀਕੀ ਚੋਣਾਂ ਨਾਲ ਜੁੜਿਆ ਹੋਇਆ ਹੈ।ਹਾਲ ਹੀ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਆਪਣੇ ਥਾਂ 'ਤੇ ਕਮਲਾ ਹੈਰਿਸ ਨੂੰ ਚੋਣਾਂ 'ਤੇ ਖੜ੍ਹਾ ਕੀਤਾ ਸੀ। ਉਦੋਂ ਤੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਕਈ ਮੀਮਜ਼ ਵਾਇਰਲ ਹੋ ਰਹੇ ਹਨ। ਕਮਲਾ ਹੈਰਿਸ ਦੀ ਆਲੋਚਨਾ ਕਰਦੇ ਹੋਏ ਲੋਕਾਂ ਨੇ ਉਸ 'ਤੇ ਭੱਦੇ ਕੁਮੈਂਟਸ ਕੀਤੇ। ਅਮਰੀਕੀ ਸੋਸ਼ਲ ਮੀਡੀਆ ਯੂਜ਼ਰਸ ਦੇ ਕੁਮੈਂਟਾਂ ਨੂੰ ਦੇਖ ਕੇ ਕੰਗਨਾ ਨੂੰ ਉਨ੍ਹਾਂ 'ਤੇ ਗੁੱਸੇ 'ਚ ਆ ਗਿਆ। ਹੈਰਿਸ ਦੇ ਖਿਲਾਫ ਵਾਇਰਲ ਹੋ ਰਹੇ ਮੀਮਜ਼ 'ਚ ਹੈਰਿਸ ਦੀ ਸਾਬਕਾ ਸੈਨ ਫਰਾਂਸਿਸਕੋ ਮੇਅਰ ਵਿਲੀ ਬ੍ਰਾਊਨ ਦੇ ਨਾਲ ਇੱਕ ਫੋਟੋ ਹੈ, ਜਿਸ 'ਚ ਉਸ ਨੂੰ 1990 ਦੇ ਦਹਾਕੇ ਦੀ ਇੱਕ "ਉੱਚ-ਅੰਤ ਦੀ ਕਾਲ ਗਰਲ" ਵਜੋਂ ਲੇਬਲ ਕੀਤਾ ਗਿਆ ਹੈ।ਤੁਹਾਨੂੰ ਦੱਸ ਦੇਈਏ ਕਿ ਵਿਲੀ ਬ੍ਰਾਊਨ ਕਮਲਾ ਹੈਰਿਸ ਦੇ ਸਾਬਕਾ ਪ੍ਰੇਮੀ ਹਨ। ਕਮਲਾ ਹੈਰਿਸ ਉਸ ਨੂੰ 1990 ਦੇ ਦਹਾਕੇ 'ਚ ਡੇਟ ਕਰ ਰਹੀ ਸੀ। ਹੁਣ ਕੰਗਨਾ ਨੇ ਇਨ੍ਹਾਂ ਵਾਇਰਲ ਮੀਮਜ਼ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ।ਇੰਸਟਾ ਸਟੋਰੀ 'ਤੇ ਉਸ ਤਸਵੀਰ ਦੇ ਨਾਲ ਕੰਗਨਾ ਨੇ ਇਕ ਲੰਮਾ ਸੰਦੇਸ਼ ਲਿਖਿਆ ਅਤੇ ਕਿਹਾ ਕਿ ਜਦੋਂ ਤੋਂ ਜੋਅ ਬਿਡੇਨ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ ਉਦੋਂ ਤੋਂ ਹੀ ਸੋਸ਼ਲ ਮੀਡੀਆ ਅਜਿਹੇ ਮੀਮਜ਼ ਨਾਲ ਭਰਿਆ ਹੋਇਆ ਹੈ। ਮੈਂ ਡੈਮੋਕਰੇਟਸ ਦੀ ਹਮਾਇਤ ਨਹੀਂ ਕਰਦੀ ਪਰ ਹੈਰਾਨੀ ਦੀ ਗੱਲ ਹੈ ਕਿ ਅਮਰੀਕਾ 'ਚ ਵੀ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਰਹਿ ਚੁੱਕੀ ਬਜ਼ੁਰਗ ਮਹਿਲਾ ਸਿਆਸਤਦਾਨ ਨੂੰ ਇਸ ਹੱਦ ਤੱਕ ਲਿੰਗਵਾਦ ਦਾ ਸਾਹਮਣਾ ਪੈ ਰਿਹਾ ਹੈ।

# ਪ੍ਰਸਿੱਧ ਲੋਕ ਗਾਇਕ ਰਾਜੂ ਮਾਨ ਪਹੁੰਚੇ ਇਟਲੀ, ਭਾਰਤੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ



ਆਪਣੇ ਅਨੇਕਾਂ ਸੁਪਰਹਿੱਟ ਗੀਤਾਂ "ਪੁੱਤ ਪ੍ਰਦੇਸ਼ੀ, ਸਲਾਮਾਂ ਤੇ ਬਾਪੂ ਆਦਿ ਨਾਲ ਪੰਜਾਬੀ ਸਰੋਤਿਆਂ ਦੀ ਕਚਹਿਰੀ ਵਿੱਚ ਭਰਵੀਂ ਹਾਜ਼ਰੀ ਲੁਆਕੇ ਵਾਹ-ਵਾਹ ਕਰਵਾ ਰਿਹਾ ਚਰਚਿਤ ਲੋਕ ਗਾਇਕ "ਰਾਜੂ ਮਾਨ" ਜਿਹੜਾ ਕਿ ਆਪਣੀ ਪਹਿਲੀ ਯੂਰਪ ਫੇਰੀ ਦੌਰਾਨ ਇਟਲੀ ਪਹੁੰਚ ਗਿਆ ਹੈ। ਏਅਰਪੋਰਟ 'ਤੇ ਰਾਜੂ ਮਾਨ ਦਾ ਭਾਰਤੀ ਭਾਈਚਾਰੇ ਦੀਆਂ ਵੱਖ-ਵੱਖ ਸ਼ਖਸੀਅਤਾਂ ਨੇ ਨਿੱਘਾ ਸਵਾਗਤ ਕੀਤਾ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਆਪਣੀ ਪਲੇਠੀ ਯੂਰਪ ਫੇਰੀ ਸੰਬਧੀ ਜਾਣਕਾਰੀ ਦਿੰਦੀਆਂ ਰਾਜੂ ਮਾਨ ਨੇ ਦੱਸਿਆ ਕਿਹਾ ਇਹ ਫੇਰੀ ਮਾਤਾ ਰਾਣੀ ਦੀ ਕਿਰਪਾ ਨਾਲ ਹੋਈ ਹੈ ਤੇ ਇਟਲੀ ਉਨ੍ਹਾਂ ਦੇ ਕਈ ਮੰਦਿਰਾਂ ਵਿੱਚ ਮਾਂ ਭਗਵਤੀ ਜਾਗਰਣ ਹੋਣ ਜਾ ਰਹੇ ਹਨ, ਜਿਸ ਵਿੱਚ ਉਹ ਭਗਤਾਂ ਦੇ ਖੁੱਲੇ ਦਰਸ਼ਨ ਕਰਦੇ ਹੋਏ ਸੰਗਤਾਂ ਨੂੰ ਮਹਾਂਮਾਈ ਦੀ ਮਹਿਮਾਂ ਦਾ ਗੁਣਗਾਨ ਕਰਨਗੇ। 27 ਜੁਲਾਈ 2024 ਨੂੰ ਸ਼੍ਰੀ ਨਵ ਦੁਰਗਾ ਮੰਦਿਰ ਜਬੇਲੋ (ਪਾਰਮਾ) ਵੱਲੋਂ ਸਜਾਈ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਮੌਕੇ ਉਹ ਮਹਾਂਮਾਈ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਤਰ੍ਹਾਂ ਹੀ 10 ਅਗਸਤ 2024 ਨੂੰ ਉਹ ਸ਼੍ਰੀ ਸ਼ਨੀ ਮੰਦਿਰ ਬਰੇਸ਼ੀਆ ਵਿਖੇ ਹੋ ਰਹੇ ਵਿਸ਼ਾਲ ਮਾਂ ਭਗਵਤੀ ਜਾਗਰਣ ਵਿੱਚ ਭਗਤਾਂ ਨੂੰ ਭਗਵਤੀ ਮਾਂ ਦੇ ਚਰਨਾਂ ਨਾਲ ਜੋੜਨਗੇ। ਇਸ ਮੌਕੇ ਲਾਂਬਾ ਟ੍ਰੈਵਲ ਜਲੰਧਰ ਦੇ ਐਮ, ਡੀ ਸੰਜੀਵ ਲਾਂਬਾ ਵੀ ਉਚੇਚੇ ਤੌਰ 'ਤੇ ਇਟਲੀ ਵਿਖੇ ਹੋ ਰਹੇ ਮਾਂ ਭਗਵਤੀ ਜਾਗਰਣਾਂ ਵਿੱਚ ਹਾਜ਼ਰੀ ਲਗਵਾਉਣ ਪਹੁੰਚੇ ਹਨ।

# Karan Aujla ਨੇ ਜਾਰੀ ਕੀਤਾ ਇੰਡੀਆ ਟੂਰ ਦਾ ਸ਼ਡਿਊਲ




ਬੱਬੂ ਮਾਨ ਤੇ ਗੁਰੂ ਰੰਧਾਵਾ ਦੇ ਲੱਖਾਂ ਲੋਕ ਦੀਵਾਨੇ ਹਨ। ਹਾਲ ਹੀ ’ਚ ਦੋਵਾਂ ਨੂੰ ‘ਪਾਗਲ’ ਗੀਤ ’ਚ ਇਕੱਠੇ ਗਾਇਕੀ ਕਰਦੇ ਦੇਖਿਆ ਗਿਆ ਸੀ। ਦੋਵਾਂ ਨੇ ਇਸ ਗੀਤ ’ਚ ਫੀਚਰ ਵੀ ਕੀਤਾ ਸੀ, ਜਿਸ ਨੂੰ ਯੂਟਿਊਬ ’ਤੇ 40 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਹੁਣ ਦੋਵਾਂ ਸਿਤਾਰਿਆਂ ਦੇ ਪ੍ਰਸ਼ੰਸਕਾਂ ਲਈ ਵੱਡੀ ਖ਼ੁਸ਼ਖ਼ਬਰੀ ਸਾਹਮਣੇ ਆਈ ਹੈ। ਦੋਵੇਂ ਸਿਤਾਰੇ ਬਹੁਤ ਜਲਦ ਇਕੱਠੇ ਪੰਜਾਬੀ ਫ਼ਿਲਮ ’ਚ ਨਜ਼ਰ ਆਉਣ ਵਾਲੇ ਹਨ, ਜਿਸ ਦਾ ਨਾਂ ‘ਉਸਤਾਦ ਜੀ’ ਹੈ। ਜਿਥੇ ਬੱਬੂ ਮਾਨ ਨੂੰ ਆਖਰੀ ਵਾਰ ਫ਼ਿਲਮ ‘ਬੰਜਾਰਾ’ ’ਚ ਦੇਖਿਆ ਗਿਆ ਸੀ, ਉਥੇ ਗੁਰੂ ਰੰਧਾਵਾ ਦੀ ਪਿਛਲੇ ਸਾਲ ਹਿੰ‘ਉਸਤਾਦ ਜੀ’ ਫ਼ਿਲਮ ਦੀ ਗੱਲ ਕਰੀਏ ਤਾਂ ਇਸ ਨੂੰ ਬੌਸ ਮਿਊਜ਼ਿਕਾ ਵਲੋਂ ਪੇਸ਼ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨਾਲ ਫ਼ਿਲਮੀਲੋਕ ਵੀ ਜੁੜਿਆ ਹੋਇਆ ਹੈ। ਇਸ ਫ਼ਿਲਮ ਨੂੰ ਲਿਖਣ ਤੇ ਡਾਇਰੈਕਟ ਕਰਨ ਦੀ ਜ਼ਿੰਮੇਵਾਰੀ ਧੀਰਜ ਕੇਦਾਰਨਾਥ ਰਤਨ ਦੇ ਮੋਢਿਆਂ ’ਤੇ ਹੈ। ਫ਼ਿਲਮ ਨੂੰ ਇਸ਼ਾਨ ਕਪੂਰ, ਧਰਮਿੰਦਰ, ਸ਼ਾਹ ਜੰਡਿਆਲੀ ਤੇ ਡਾ. ਬੰਟੀ ਪ੍ਰੋਡਿਊਸ ਕਰ ਰਹੇ ਹਨ। ਫ਼ਿਲਹਾਲ ਫ਼ਿਲਮ ਦੀ ਰਿਲੀਜ਼ ਡੇਟ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਉਮੀਦ ਹੈ ਕਿ ਇਹ ਫ਼ਿਲਮ ਸਾਲ 2025 ’ਚ ਰਿਲੀਜ਼ ਹੋ ਸਕਦੀ ਹੈ। ਦੀ ਫ਼ਿਲਮ ‘ਕੁਛ ਖੱਟਾ ਹੋ ਜਾਏ’ ਰਿਲੀਜ਼ ਹੋਈ ਸੀ।

## ਟਰੰਪ ਨੇ 454 ਮਿਲੀਅਨ ਡਾਲਰ ਦੀ ਰਾਸ਼ੀ ਸਬੰਧੀ ਸੁਣਾਏ ਫ਼ੈਸਲੇ ਖ਼ਿਲਾਫ਼ ਦਾਇਰ ਕੀਤੀ ਅਪੀਲ



ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੇ ਸੋਮਵਾਰ ਨੂੰ ਉਸ ਦੇ 454 ਮਿਲੀਅਨ ਡਾਲਰ ਦੇ ਨਿਊਯਾਰਕ ਸਿਵਲ ਧੋਖਾਧੜੀ ਦੇ ਫ਼ੈਸਲੇ ਖ਼ਿਲਾਫ਼ ਅਪੀਲ ਦਾਇਰ ਕੀਤੀ। ਵਕੀਲਾਂ ਨੇ ਇਸ ਆਧਾਰ 'ਤੇ ਅਪੀਲ ਦਾਇਰ ਕੀਤੀ ਕਿ ਇਹ ਰਕਮ ਬਹੁਤ ਹੀ ਜ਼ਿਆਦਾ ਅਤੇ ਗੈਰ-ਸੰਵਿਧਾਨਕ ਸੀ ਅਤੇ ਕਿਸੇ ਵੀ ਕੇਸ ਵਿੱਚ ਕੋਈ ਪੀੜਤ, ਕੋਈ ਸਾਬਤ ਸੱਟ ਅਤੇ ਕੋਈ ਨੁਕਸਾਨ ਸ਼ਾਮਿਲ ਨਹੀਂ ਹੈ। ਟਰੰਪ ਦੇ ਵਕੀਲਾਂ ਨੇ ਆਪਣੀ ਅਪੀਲ ਵਿੱਚ ਲਿਖਿਆ ਕਿ "ਕਿਸੇ ਪੀੜਤ, ਕੋਈ ਸਾਬਤ ਸੱਟ ਅਤੇ ਕੋਈ ਨੁਕਸਾਨ ਨਾ ਹੋਣ ਵਾਲੇ ਕੇਸ ਵਿੱਚ 464 ਮਿਲੀਅਨ ਡਾਲਰ ਦਾ ਇਨਾਮ ਦੂਰ ਤੋਂ ਬਚਾਅ ਯੋਗ ਨਹੀਂ ਹੈ। ਟਰੰਪ ਦੇ ਵਕੀਲਾਂ ਨੇ ਆਪਣੀ ਅਪੀਲ ਵਿੱਚ ਲਿਖਿਆ ਕਿ ਵਾਧੂ 10 ਮਿਲੀਅਨ ਡਾਲਰ ਕੇਸ ਵਿੱਚ ਹੋਰ ਬਚਾਅ ਪੱਖਾਂ ਨਾਲ ਸਬੰਧਤ ਹਨ। ਨਿਊਯਾਰਕ ਸਟੇਟ ਦੇ ਜੱਜ ਆਰਥਰ ਐਂਗੋਰੋਨ ਨੇ ਟਰੰਪ ਅਤੇ ਉਸ ਦੇ ਪੁੱਤਰਾਂ ਡੋਨਾਲਡ ਟਰੰਪ ਜੂਨੀਅਰ ਅਤੇ ਐਰਿਕ ਟਰੰਪ ਅਤੇ ਉਨ੍ਹਾਂ ਦੇ ਰੀਅਲ ਅਸਟੇਟ ਕਾਰੋਬਾਰ ਨੂੰ ਫਰਵਰੀ ਵਿੱਚ ਬੈਂਕਾਂ ਅਤੇ ਬੀਮਾਕਰਤਾਵਾਂ ਨੂੰ ਧੋਖਾ ਦੇਣ ਲਈ ਵਿੱਤੀ ਬਿਆਨਾਂ 'ਤੇ ਅਨੁਕੂਲ ਕਰਜ਼ੇ ਪ੍ਰਾਪਤ ਕਰਨ ਲਈ ਟਰੰਪ ਦੀ ਦੌਲਤ ਨੂੰ ਵਧਾ ਕੇ ਧੋਖਾਧੜੀ ਲਈ ਜ਼ਿੰਮੇਵਾਰ ਪਾਇਆ ਸੀ। ਐਂਗੋਰੋਨ ਅਨੁਸਾਰ ਟਰੰਪ ਅਤੇ ਉਸ ਦੀ ਕੰਪਨੀ ਨੂੰ ਪ੍ਰਾਪਤ ਲਾਭਾਂ ਵਿੱਚ 354 ਮਿਲੀਅਨ ਡਾਲਰ ਪ੍ਰਾਪਤ ਹੋਏ ਅਤੇ ਉਨ੍ਹਾਂ ਨੇ ਰਾਜ ਨੂੰ 100 ਮਿਲੀਅਨ ਦੇ ਵਿਆਜ ਨਾਲ ਵਾਪਸ ਕਰਨ ਦਾ ਫ਼ੈਸਲਾ ਕੀਤਾ। ਟਰੰਪ, ਜੋ ਅਮਰੀਕਾ ਦੇ ਰਾਸ਼ਟਰਪਤੀ ਲਈ ਰਿਪਬਲਿਕਨ ਉਮੀਦਵਾਰ ਹਨ, 'ਤੇ ਵੀ ਤਿੰਨ ਸਾਲ ਲਈ ਨਿਊਯਾਰਕ ਵਿਚ ਕੋਈ ਕਾਰੋਬਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਟਰੰਪ ਦੇ ਵਕੀਲਾਂ ਨੇ ਸੋਮਵਾਰ ਨੂੰ ਦਲੀਲ ਦਿੱਤੀ ਕਿ ਵੱਡਾ ਫ਼ੈਸਲਾ ਗੈਰ-ਸੰਵਿਧਾਨਕ ਸੀ। ਦਾਇਰ ਕੀਤੀ ਗਈ ਅਪੀਲ ਲਈ ਅਦਾਲਤ ਸਤੰਬਰ ਦੇ ਸ਼ੁਰੂ ਵਿੱਚ ਇਸ ਕੇਸ ਦੀ ਸੁਣਵਾਈ ਕਰ ਸਕਦੀ ਹੈ।

## ਇਟਲੀ 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ ਆਯੋਜਿਤ




ਸਿੱਖ ਕੌਮ ਨੂੰ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਭੇਂਟ ਕਰਨ ਵਾਲੇ ਛੇਵੀ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੱਖਣੀ ਇਟਲੀ ਦੇ ਸ਼ਹਿਰ ਸੈਲਰੇਨੋ ਦੇ ਗੁਰਦੁਆਰਾ ਸੰਗਤ ਸਭਾ ਬੱਤੀਪਾਲੀਆ ਦੀਆਂ ਸੰਗਤਾਂ ਵੱਲੋ ਤਿੰਨਾਂ ਰੋਜਾ ਵਿਸ਼ਾਲ ਧਾਰਮਿਕ ਸਮਾਗਮ ਉਲੀਕੇ ਗਏ ਸਨ। ਜਿੰਨਾਂ ਵਿੱਚ ਐਗਰੋਪੋਲੀ ਦੀਆਂ ਸੰਗਤਾਂ ਦੁਆਰਾ ਸ੍ਰੀ ਆਖੰਠ ਪਾਠ ਦੇ ਜਾਪ ਉਪਰੰਤ ਸਜਾਏ ਖੁੱਲ੍ਹੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਢਾਡੀ ਗਿਆਨੀ ਗੁਰਜੀਤ ਸਿੰਘ ਜਾਂਗਲਾ, ਬੂਟਾ ਸਿੰਘ ਸੁੰਨੜ ਕਲ੍ਹਾ, ਸਿਮਰਨਜੀਤ ਸਿੰਘ ਅਤੇ ਸਾਰੰਗੀ ਮਾਸਟਰ ਗੁਰਪ੍ਰੀਤ ਸਿੰਘ ਦੁਆਰਾ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਕਾਲ ਨਾਲ ਸਬੰਧਤ ਕਥਾ ਵਿਚਾਰਾਂ ਸਰਵਣ ਕਰਵਾਉਂਦਿਆਂ ਢਾਡੀ ਵਾਰਾਂ ਰਾਹੀਂ ਹਾਜ਼ਰੀਆਂ ਭਰੀਆਂ ਗਈਆਂ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸਮਾਗਮ ਵਿੱਚ ਹਿੱਸਾ ਲੈਣ ਲਈ ਪੰਜਾਬ ਦੀ ਧਰਤੀ ਤੋਂ ਪੁੱਜੇ ਢਾਡੀ ਸਿੰਘਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਦੱਸਣਯੋਗ ਹੈ ਕਿ ਦੁੱਧ ਡੇਅਰੀ ਦੀ ਰਾਜਧਾਨੀ ਕਰਕੇ ਜਾਣੇ ਜਾਂਦੇ ਇਲਾਕੇ ਸਲੈਰਨੋ ਦੇ ਕਸਬਾ ਬੱਤੀਪਾਲੀਆ ਦੀਆਂ ਸੰਗਤਾਂ ਵੱਲੋ ਇਸ ਇਲਾਕੇ ਵਿੱਚ ਧਾਰਮਿਕ ਸਮਾਗਮ ਬੜੀ ਸ਼ਰਧਾ ਅਤੇ ਭਾਵਨਾ ਨਾਲ ਉਲੀਕੇ ਜਾਂਦੇ ਹਨ ਅਤੇ ਫਿਰ ਸਮਾਪਤੀ ਤੱਕ ਮਨ ਚਿੱਤ ਕਰਕੇ ਸੇਵਾ ਕਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

## ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਹੈਰਿਸ ਕੋਲ ਲੋੜੀਂਦਾ 'ਡੈਲੀਗੇਟ' ਸਮਰਥਨ



ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਕਾਫੀ 'ਡੈਲੀਗੇਟਾਂ' (ਪਾਰਟੀ ਵੋਟਰਾਂ ਦੇ ਪ੍ਰਤੀਨਿਧ) ਦਾ ਸਮਰਥਨ ਹਾਸਲ ਕਰ ਲਿਆ ਹੈ। 'ਐਸੋਸੀਏਟਿਡ ਪ੍ਰੈਸ' (ਏ.ਪੀ.) ਦੇ ਇੱਕ ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ। ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਾਸ਼ਟਰਪਤੀ ਅਹੁਦੇ ਲਈ ਨਹੀਂ ਲੜਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਵਜੋਂ ਉਪ ਪ੍ਰਧਾਨ ਕਮਲਾ ਹੈਰਿਸ ਦੇ ਨਾਂ ਨੂੰ ਮਨਜ਼ੂਰੀ ਦਿੱਤੀ। ਬਾਈਡੇਨ ਦੇ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ, ਡੈਮੋਕ੍ਰੇਟਿਕ ਪਾਰਟੀ ਦੇ ਪ੍ਰਮੁੱਖ ਨੇਤਾ ਤੁਰੰਤ ਹੈਰਿਸ ਦੇ ਸਮਰਥਨ ਵਿੱਚ ਖੜ੍ਹੇ ਹੋਏ ਅਤੇ ਉਸਦੀ ਮੁਹਿੰਮ ਨੇ 24 ਘੰਟਿਆਂ ਵਿੱਚ ਚੰਦਾ ਇਕੱਠਾ ਕਰਨ ਦਾ ਨਵਾਂ ਰਿਕਾਰਡ ਕਾਇਮ ਕੀਤਾ। ਹੈਰਿਸ ਨੂੰ ਸੋਮਵਾਰ ਰਾਤ ਤੱਕ ਘੱਟੋ-ਘੱਟ 2,579 ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਹੋਇਆ ਸੀ, ਜਦੋਂ ਕਿ ਪਾਰਟੀ ਦੇ ਉਮੀਦਵਾਰ ਬਣਨ ਲਈ 1,976 ਡੈਲੀਗੇਟਾਂ ਦੀ ਲੋੜ ਹੈ। AP ਦੀਆਂ ਗਣਨਾਵਾਂ ਵਿਅਕਤੀਗਤ ਡੈਲੀਗੇਟਾਂ ਨਾਲ ਇੰਟਰਵਿਊਆਂ, ਹੈਰਿਸ ਲਈ ਉਨ੍ਹਾਂ ਦੇ ਸਮਰਥਨ ਦਾ ਐਲਾਨ ਕਰਨ ਵਾਲੀਆਂ ਰਾਜ ਪਾਰਟੀਆਂ ਦੇ ਜਨਤਕ ਬਿਆਨ, ਅਤੇ ਵਿਅਕਤੀਗਤ ਡੈਲੀਗੇਟਾਂ ਦੁਆਰਾ ਜਨਤਕ ਬਿਆਨਾਂ 'ਤੇ ਅਧਾਰਤ ਹਨ।

## ਰਾਸ਼ਟਰਪਤੀ ਪੈਟਰੋ ਨੇ ਬਲਦ ਲੜਾਈ 'ਤੇ ਪਾਬੰਦੀ ਲਗਾਉਣ ਸਬੰਧੀ ਬਿੱਲ 'ਤੇ ਕੀਤੇ ਦਸਤਖਤ




ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਸੋਮਵਾਰ ਨੂੰ ਇਸ ਦੱਖਣੀ ਅਮਰੀਕੀ ਦੇਸ਼ ਵਿੱਚ ਬਲਦਾਂ ਦੀ ਲੜਾਈ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ 'ਤੇ ਹਸਤਾਖਰ ਕੀਤੇ। ਇਸ ਦੇ ਨਾਲ ਦੁਨੀਆ ਭਰ ਵਿੱਚ ਉਨ੍ਹਾਂ ਦੇਸ਼ਾਂ ਦੀ ਗਿਣਤੀ ਹੋਰ ਘਟ ਗਈ, ਜਿੱਥੇ ਇਹ ਸਦੀਆਂ ਪੁਰਾਣੀ ਪਰੰਪਰਾ ਅਜੇ ਵੀ ਜਾਇਜ਼ ਹੈ। ਬੋਗੋਟਾ ਵਿੱਚ ਇੱਕ ਬਲਰਿੰਗ ਵਿੱਚ ਇੱਕ ਸਮਾਰੋਹ ਦੌਰਾਨ ਬਲਦ ਦੇ ਰੂਪ ਵਿੱਚ ਪਹਿਰਾਵਾ ਪਹਿਨੇ ਇੱਕ ਸਮਰਥਕ ਨੇ ਪੈਟਰੋ ਨੂੰ ਬਿੱਲ ਦੀ ਇੱਕ ਕਾਪੀ ਸੌਂਪੀ, ਜਿਸ 'ਤੇ ਉਸਨੇ ਸੈਂਕੜੇ ਜਾਨਵਰਾਂ ਦੇ ਅਧਿਕਾਰ ਕਾਰਕੁਨਾਂ ਸਾਹਮਣੇ ਦਸਤਖ਼ਤ ਕੀਤੇ।ਬਿੱਲ 'ਤੇ ਦਸਤਖ਼ਤ ਕਰਨ ਤੋਂ ਬਾਅਦ ਪੈਟਰੋ ਨੇ ਆਪਣੇ ਭਾਸ਼ਣ 'ਚ ਕਿਹਾ, ''ਅਸੀਂ ਦੁਨੀਆ ਨੂੰ ਇਹ ਨਹੀਂ ਦੱਸ ਸਕਦੇ ਕਿ ਮਨੋਰੰਜਨ ਲਈ ਜੀਵਿਤ ਅਤੇ ਸੰਵੇਦਨਸ਼ੀਲ ਜੀਵਾਂ ਨੂੰ ਮਾਰਨਾ ਇਕ ਸੱਭਿਆਚਾਰ ਹੈ। ਮਨੋਰੰਜਨ ਲਈ ਜਾਨਵਰਾਂ ਨੂੰ ਮਾਰਨ ਦੀ ਇਸ ਤਰ੍ਹਾਂ ਦੀ ਸੰਸਕ੍ਰਿਤੀ ਸਾਨੂੰ ਮਨੋਰੰਜਨ ਲਈ ਮਨੁੱਖਾਂ ਨੂੰ ਮਾਰਨ ਦੀ ਦਿਸ਼ਾ ਵੱਲ ਲੈ ਜਾਵੇਗੀ...''। ਮਹੀਨਿਆਂ ਦੀ ਗਰਮ ਬਹਿਸ ਤੋਂ ਬਾਅਦ ਕੋਲੰਬੀਆ ਦੀ ਸੰਸਦ ਨੇ ਮਈ ਵਿੱਚ ਬਲਦ ਲੜਾਈ 'ਤੇ ਪਾਬੰਦੀ ਲਗਾਉਣ ਨੂੰ ਮਨਜ਼ੂਰੀ ਦਿੱਤੀ ਸੀ। ਇਸ ਬਿੱਲ ਦੇ ਤਹਿਤ ਸਰਕਾਰ ਨੂੰ 2027 ਤੱਕ ਪੂਰੇ ਦੇਸ਼ 'ਚ ਬਲਦਾਂ ਦੀ ਲੜਾਈ 'ਤੇ ਮੁਕੰਮਲ ਪਾਬੰਦੀ ਲਗਾਉਣੀ ਪਵੇਗੀ। ਉਸ ਨੂੰ ਇੱਕ ਦਰਜਨ ਤੋਂ ਵੱਧ ਬਲਰਿੰਗਾਂ ਨੂੰ ਸੱਭਿਆਚਾਰਕ ਅਤੇ ਖੇਡ ਸਥਾਨਾਂ ਵਿੱਚ ਤਬਦੀਲ ਕਰਨਾ ਹੋਵੇਗਾ।

## ਹਿੰਸਕ ਹਮਲੇ 'ਚ ਘੱਟੋ-ਘੱਟ 26 ਪਿੰਡ ਵਾਸੀਆਂ ਦੀ ਮੌਤ

ਬੁਰਕੀਨਾ ਫਾਸੋ ਦੀ ਸਰਹੱਦ ਨੇੜੇ ਮਾਲੀ ਦੇ ਕੇਂਦਰੀ ਖੇਤਰ ਦੇ ਇਕ ਪਿੰਡ 'ਤੇ ਹਥਿਆਰਬੰਦ ਸਮੂਹ ਵੱਲੋਂ ਕੀਤੇ ਗਏ ਹਮਲੇ 'ਚ ਘੱਟ ਤੋਂ ਘੱਟ 26 ਲੋਕ ਮਾਰੇ ਗਏ। ਇਕ ਸਰਕਾਰੀ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਬੈਂਕੋਸ ਕਸਬੇ ਦੇ ਮੇਅਰ ਮੌਲੇਏ ਗੁਇੰਦੋ ਨੇ ਦੱਸਿਆ ਕਿ ਹਮਲਾਵਰਾਂ ਨੇ ਐਤਵਾਰ ਸ਼ਾਮ ਡੇਂਬੋ ਪਿੰਡ 'ਚ ਪਿੰਡ ਵਾਸੀਆਂ 'ਤੇ ਉਸ ਸਮੇਂ ਹਮਲਾ ਕੀਤਾ ਜਦੋਂ ਉਨ੍ਹਾਂ 'ਚੋਂ ਜ਼ਿਆਦਾਤਰ ਆਪਣੇ ਖੇਤਾਂ 'ਚ ਕੰਮ ਕਰ ਰਹੇ ਸਨ। ਦੇਸ਼ ਦੀ ਫੌਜੀ ਸਰਕਾਰ ਉੱਤਰੀ ਖੇਤਰ ਵਿੱਚ ਹਿੰਸਾ ਨੂੰ ਰੋਕਣ ਲਈ ਸੰਘਰਸ਼ ਕਰ ਰਹੀ ਹੈ। ਮੱਧ ਮਾਲੀ ਵਿਚ ਅਜਿਹੇ ਹਮਲੇ ਲਗਾਤਾਰ ਵਧ ਰਹੇ ਹਨ। ਐਤਵਾਰ ਨੂੰ ਹੋਏ ਹਮਲੇ ਦੀ ਜ਼ਿੰਮੇਵਾਰੀ ਕਿਸੇ ਸਮੂਹ ਨੇ ਨਹੀਂ ਲਈ ਹੈ, ਪਰ ਅਲ-ਕਾਇਦਾ ਨਾਲ ਜੁੜੇ ਕੱਟੜਪੰਥੀ ਸੰਗਠਨ 'ਜੇ.ਐਨ.ਆਈ.ਐਮ', ਜੋ ਅਕਸਰ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਨੂੰ ਇਸ ਪਿੱਛੇ ਮੰਨਿਆ ਜਾਂਦਾ ਹੈ। ਵਿਦਰੋਹੀਆਂ ਨੇ ਇਸੇ ਤਰ੍ਹਾਂ ਜੁਲਾਈ ਵਿਚ ਇਕ ਵਿਆਹ ਸਮਾਰੋਹ ਵਿਚ ਹਮਲਾ ਕਰਕੇ ਘੱਟੋ-ਘੱਟ 21 ਲੋਕਾਂ ਨੂੰ ਮਾਰ ਦਿੱਤਾ ਸੀ।



## ਹੈਤੀ ਦੇ ਤੱਟ 'ਤੇ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਘੱਟੋ-ਘੱਟ 40 ਪ੍ਰਵਾਸੀਆਂ ਦੀ ਮੌਤ



ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ (IOH) ਨੇ ਕਿਹਾ ਕਿ ਹੈਤੀਆਈ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਸਮੁੰਦਰ ਵਿੱਚ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ ਹੈ। ਮਾਈਗ੍ਰੇਸ਼ਨ (ਆਈਓਐਮ) ਨੇ ਸ਼ੁੱਕਰਵਾਰ ਨੂੰ ਪੋਰਟ-ਓ-ਪ੍ਰਿੰਸ ਵਿੱਚ ਕਿਹਾ।

ਕਿਸ਼ਤੀ, ਜਿਸ ਵਿੱਚ 80 ਤੋਂ ਵੱਧ ਲੋਕ ਸਵਾਰ ਸਨ, ਫੋਰਟ ਸੇਂਟ ਮਿਸ਼ੇਲ ਤੋਂ ਰਵਾਨਾ ਹੋਈ ਸੀ। ਹੈਤੀਆਈਓਐਮ ਨੇ ਕੈਰੇਬੀਅਨ ਦੇਸ਼ ਦੇ ਪ੍ਰਵਾਸ ਅਥਾਰਟੀ ਦਾ ਹਵਾਲਾ ਦਿੰਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਉੱਤਰੀ ਆਇਰਲੈਂਡ ਦੇ ਉੱਤਰੀ ਹਿੱਸੇ ਦੇ ਰਸਤੇ ਤੁਰਕਸ ਅਤੇ ਕੈਕੋਸ ਟਾਪੂ ਵੱਲ ਜਾ ਰਿਹਾ ਸੀ।

ਹੈਤੀਆਈ ਕੋਸਟ ਗਾਰਡ ਵੱਲੋਂ 41 ਲੋਕਾਂ ਨੂੰ ਅੱਗ ਤੋਂ ਬਚਾ ਲਿਆ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਵਰਤਮਾਨ ਵਿੱਚ ਆਈਓਐਮ ਦੁਆਰਾ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਅਤੇ ਉਨ੍ਹਾਂ ਵਿੱਚੋਂ 11 ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਹੈ।


ਉੱਤਰੀ ਹੈਤੀ ਦੇ ਸਿਵਲ ਪ੍ਰੋਟੈਕਸ਼ਨ ਦਫਤਰ ਦੇ ਮੁਖੀ ਜੀਨ-ਹੈਨਰੀ ਪੇਟਿਟ ਨੇ ਮਿਆਮੀ ਹੇਰਾਲਡ ਨੂੰ ਦੱਸਿਆ ਕਿ ਕਿਸ਼ਤੀ 'ਤੇ ਸਵਾਰ ਯਾਤਰੀਆਂ ਨੇ ਸੁਰੱਖਿਅਤ ਰਸਤੇ ਲਈ ਪ੍ਰਾਰਥਨਾ ਕਰਨ ਲਈ ਮਾਚਿਸ ਦੇ ਨਾਲ ਮੋਮਬੱਤੀਆਂ ਜਗਾਈਆਂ, ਜਿਸ ਨਾਲ ਗੈਸੋਲੀਨ ਨਾਲ ਭਰੇ ਡਰੰਮ ਨੂੰ ਅੱਗ ਲੱਗ ਗਈ ਅਤੇ ਵਿਸਫੋਟ ਹੋ ਗਿਆ। ਹੈਤੀ ਵਿੱਚ ਆਈਓਐਮ ਦੇ ਮੁਖੀ ਗ੍ਰੇਗੋਇਰ ਗੁਡਸਟੀਨ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਵਿਨਾਸ਼ਕਾਰੀ ਘਟਨਾ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਅਨਿਯਮਿਤ ਰੂਟਾਂ 'ਤੇ ਪਰਵਾਸ ਕਰਨ ਵਾਲੇ ਖ਼ਤਰਿਆਂ ਨੂੰ ਉਜਾਗਰ ਕਰਦੀ ਹੈ।" ਗੁਡਸਟੀਨ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪਿਛਲੇ ਕਈ ਮਹੀਨਿਆਂ ਤੋਂ ਹੈਤੀ ਵਿੱਚ ਬਹੁਤ ਜ਼ਿਆਦਾ ਗੈਂਗ-ਸਬੰਧਤ ਹਿੰਸਾ ਨੇ ਹੈਤੀ ਵਾਸੀਆਂ ਨੂੰ ਦੇਸ਼ ਤੋਂ ਭੱਜਣ ਲਈ "ਹਤਾਸ਼ ਉਪਾਅ ਕਰਨ" ਲਈ ਮਜਬੂਰ ਕੀਤਾ ਹੈ।

## 4 ਦਿਨ ਪਹਿਲਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਦੀ ਮੌਤ, ਮਾਪਿਆਂ ਦਾ ਇਕਲੌਤਾ ਪੁੱਤ ਸੀ ਮ੍ਰਿਤਕ



ਵਿਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਅਜਿਹਾ ਹੀ ਇੱਕ ਹੋਰ ਮਾਮਲਾ ਕੈਨੇਡਾ ਤੋਂ ਸਾਹਮਣੇ ਆਇਆ ਹੈ ਜਿੱਥੇ ਇਕ ਪੰਜਾਬੀ ਨੌਜਵਾਨ ਦੀ ਬ੍ਰੇਨ ਅਟੈਕ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਵਰਿੰਦਰ ਸਿੰਘ ਵਜੋਂ ਹੋਈ ਹੈ ਜੋ ਕਿ ਕਪੂਰਥਲਾ ਦੇ ਪਿੰਡ ਮੰਡੇਰ ਬੇਟ ਦਾ ਵਸਨੀਕ ਸੀ। ਦੱਸਿਆ ਜਾ ਰਿਹਾ ਹੈ ਕਿ ਵਰਿੰਦਰ ਚੰਗੇ ਭਵਿੱਖ ਲਈ ਕੁਝ ਦਿਨ ਪਹਿਲਾਂ ਹੀ ਕੈਨੇਡਾ ਗਿਆ ਸੀ।ਨੌਜਵਾਨ ਦੀ ਮੌਤ ਦੀ ਖਬਰ ਮਿਲਦਿਆਂ ਹੀ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ । ਮ੍ਰਿਤਕ ਨੌਜਵਾਨ ਦੇ ਪਰਿਵਾਰ ਨੇ ਭਰੇ ਮਨ ਨਾਲ ਦੱਸਿਆ ਕਿ ਅਜੇ ਤਾਂ ਪਰਿਵਾਰ ਵਰਿੰਦਰ ਸਿੰਘ ਦੇ ਵਿਦੇਸ਼ ਜਾਣ ਦੀਆਂ ਖੁਸ਼ੀਆਂ ਮਨਾ ਰਿਹਾ ਸੀ ਤਾਂ ਉੱਪਰੋਂ ਇਹ ਮਨਹੂਸ ਖ਼ਬਰ ਪਹੁੰਚ ਗਈ । ਨੌਜਵਾਨ ਦੀ ਮੌਤ ਦੀ ਖਬਰ ਮਿਲਣ ਮਗਰੋਂ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੋਇਆ ਪਿਆ ਹੈ।ਦੱਸ ਦੇਈਏ ਕਿ ਪਰਿਵਾਰ ਨੇ ਮ੍ਰਿਤਕ ਵਰਿੰਦਰ ਸਿੰਘ ਦੀ ਦੇਹ ਭਾਰਤ ਲਿਆਉਣ ਲਈ ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਨੂੰ ਮਦਦ ਦੀ ਗੁਹਾਰ ਲਗਾਈ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਵਰਿੰਦਰ ਸਿੰਘ ਦਾ ਮ੍ਰਿਤਕ ਸਰੀਰ ਕਦੋਂ ਪੰਜਾਬ ਆਉਂਦਾ ਹੈ ਤੇ ਮਾਪੇ ਆਪਣੇ ਬੱਚੇ ਦੀਆਂ ਰਸਮ ਕਿਰਿਆਂਵਾ ਆਪਣੇ ਹੱਥੀਂ ਕਰਦੇ ਹਨ।

# ਦੱਖਣੀ ਮੁੰਬਈ ਵਿੱਚ ਮਸ਼ਹੂਰ ਮੰਦਰ



ਬਾਬੁਲਨਾਥ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਇਹ ਮੁੰਬਈ ਦੇ ਮਾਲਾਬਾਰ ਖੇਤਰ ਵਿੱਚ ਸਥਿਤ ਹੈ ਅਤੇ ਮਰੀਨ ਲਾਈਨਜ਼ ਰੇਲਵੇ ਸਟੇਸ਼ਨ ਤੋਂ ਸਿਰਫ਼ 15 ਮਿੰਟ ਦੀ ਦੂਰੀ 'ਤੇ ਹੈ। ਇਹ ਮੰਦਰ ਮੁੰਬਈ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਹੈ ਅਤੇ ਮਾਰਵਾੜੀ ਅਤੇ ਗੁਜਰਾਤੀ ਭਾਈਚਾਰਿਆਂ ਵਿੱਚ ਕਾਫ਼ੀ ਮਸ਼ਹੂਰ ਹੈ। ਬਾਬੁਲਨਾਥ ਮੰਦਿਰ ਸ਼ਿਵ ਨੂੰ ਸਮਰਪਿਤ ਹੈ ਅਤੇ ਪ੍ਰਸਿੱਧ ਗਿਰਗਾਂਵ ਚੌਪਾਟੀ ਦੇ ਬਹੁਤ ਨੇੜੇ ਹੈ। ਮੰਦਰ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਕਿ ਇਹ ਸ਼ਰਧਾਲੂਆਂ ਨੂੰ ਭਗਵਾਨ ਸ਼ਿਵ ਦੇ ਘਰ ਕੈਲਾਸ਼ ਪਰਬਤ ਦੀ ਯਾਦ ਦਿਵਾਏਗਾ। ਸਾਫ਼-ਸੁਥਰੀ ਉੱਕਰੀ ਹੋਈ ਆਰਕੀਟੈਕਚਰ ਹਰ ਕਿਸੇ ਨੂੰ ਵੀ ਇਸ ਦੀ ਸੁੰਦਰਤਾ ਨਾਲ ਮੰਤਰਮੁਗਧ ਕਰ ਦਿੰਦਾ ਹੈ।



ਵਾਲਕੇਸ਼ਵਰ ਮੰਦਰ ਮੁੰਬਈ ਸ਼ਹਿਰ ਲਈ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਰੱਖਦਾ ਹੈ। ਕਥਾ ਦੇ ਅਨੁਸਾਰ, ਭਗਵਾਨ ਰਾਮ ਨੇ ਆਪਣੀ ਪੂਜਾ ਕਰਨ ਲਈ ਰੇਤ ਤੋਂ ਇੱਕ ਸ਼ਿਵਲਿੰਗ ਬਣਾਇਆ ਸੀ। ਇਹ ਮੰਦਿਰ ਮਾਲਾਬਾਰ ਪਹਾੜੀ 'ਤੇ ਲਗਭਗ ਇਕ ਹਜ਼ਾਰ ਸਾਲ ਪਹਿਲਾਂ ਸ਼ਿਲਾਹਾਰਾ ਰਾਜਵੰਸ਼ ਦੁਆਰਾ ਬਣਾਇਆ ਗਿਆ ਸੀ। ਇਹ ਮੰਦਰ ਭਗਵਾਨ ਰਾਮ ਦੀ ਕਥਾ ਦੇ ਨਾਲ-ਨਾਲ ਸਿਲਹਾਰਾ ਰਾਜਵੰਸ਼ ਨੂੰ ਸ਼ਰਧਾਂਜਲੀ ਦਿੰਦਾ ਹੈ ਅਤੇ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਸੰਸਾਰ ਵਾਲਕੇਸ਼ਵਰ ਵਾਲੂਕਾ ਈਸ਼ਵਰ ਤੋਂ ਲਿਆ ਗਿਆ ਹੈ, ਜਿਸਦਾ ਅਨੁਵਾਦ ਰੇਤ ਦੇ ਪ੍ਰਭੂ ਵਿੱਚ ਕੀਤਾ ਗਿਆ ਹੈ। ਮੰਦਰ ਦਾ ਦੋ ਵਾਰ ਮੁਰੰਮਤ ਕੀਤਾ ਗਿਆ ਹੈ, ਸਤਾਰ੍ਹਵੀਂ ਸਦੀ ਵਿੱਚ ਅਤੇ ਇੱਕ ਵਾਰ 1950 ਦੇ ਦਹਾਕੇ ਦੌਰਾਨ। ਇਹ ਮੰਦਰ ਕਈ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਉਤਸਵਾਂ ਦੀ ਮੇਜ਼ਬਾਨੀ ਵੀ ਕਰਦਾ ਹੈ।



ਇਹ ਮੰਦਰ ਅਸਲ ਵਿੱਚ ਇੱਕ ਅਨਾਥ ਆਸ਼ਰਮ ਵਜੋਂ ਸੇਵਾ ਕਰਨ ਲਈ ਬਣਾਇਆ ਗਿਆ ਸੀ। ਹਾਲਾਂਕਿ, ਇਸਨੂੰ ਇਸਕੋਨ ਫਾਊਂਡੇਸ਼ਨ ਦੁਆਰਾ ਖਰੀਦਿਆ ਗਿਆ ਸੀ ਅਤੇ ਇੱਕ ਸੁੰਦਰ ਮੰਦਰ ਵਿੱਚ ਬਦਲ ਦਿੱਤਾ ਗਿਆ ਸੀ। ਇਸ ਮੰਦਰ ਦਾ ਨਿਰਮਾਣ 1988 ਵਿੱਚ ਕੀਤਾ ਗਿਆ ਸੀ ਅਤੇ ਇਸਨੇ 1990 ਵਿੱਚ ਸ਼ਰਧਾਲੂਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਸਨ। ਇਸ ਮੰਦਰ ਦੀ ਇੱਕ ਹੋਰ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਹ ਬਹੁਤ ਸਾਰੇ ਜਾਨਵਰਾਂ ਜਿਵੇਂ ਕਿ ਗਾਵਾਂ, ਮੋਰ ਅਤੇ ਬਾਂਦਰਾਂ ਦਾ ਘਰ ਵੀ ਹੈ ਅਤੇ ਉਹਨਾਂ ਲਈ ਇੱਕ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਦਾ ਹੈ। ਮੰਦਰ ਨੂੰ ਪੂਰੀ ਕ੍ਰਿਸ਼ਨ ਅਤੇ ਰਾਧਾ ਗਾਥਾ ਨੂੰ ਦਰਸਾਉਂਦੀਆਂ ਵੱਖ-ਵੱਖ ਪੇਂਟਿੰਗਾਂ ਨਾਲ ਵੀ ਸਜਾਇਆ ਗਿਆ ਹੈ




ਮੁੰਬਾਦੇਵੀ ਮੰਦਰ ਸ਼ਹਿਰ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਵਾਸਤਵ ਵਿੱਚ, ਮੁੰਬਈ ਸ਼ਹਿਰ ਦਾ ਨਾਮ ਮੁੰਬਾਦੇਵੀ ਮੰਦਰ ਦੇ ਰੂਪ ਵਿੱਚ ਲਿਆ ਗਿਆ ਹੈ। ਇਹ ਮੰਦਿਰ ਦੇਵੀ ਮੁੰਬਾ ਨੂੰ ਸਮਰਪਿਤ ਹੈ ਜਿਸ ਨੂੰ ਮੂਲ ਸੋਮਵੰਸ਼ੀ ਕਸ਼ਤਰੀਆਂ, ਖੇਤੀਬਾੜੀ ਭਾਈਚਾਰਿਆਂ ਅਤੇ ਕੋਲੀਆਂ (ਮਛੇਰਿਆਂ) ਦੀ ਸਰਪ੍ਰਸਤ ਦੇਵੀ ਕਿਹਾ ਜਾਂਦਾ ਹੈ। ਦੇਵੀ ਦੀ ਮੂਰਤੀ ਨੂੰ ਨੱਕ ਪਿੰਨ, ਤਾਜ ਅਤੇ ਹਾਰ ਵਰਗੇ ਗਹਿਣਿਆਂ ਨਾਲ ਸਜਾਇਆ ਜਾਂਦਾ ਹੈ ਅਤੇ ਇੱਕ ਸਜਾਈ ਹੋਈ ਵੇਦੀ 'ਤੇ ਰੱਖਿਆ ਜਾਂਦਾ ਹੈ। ਮੂਰਤੀ ਖੁਦ ਕਾਲੇ ਪੱਥਰ ਤੋਂ ਬਣਾਈ ਗਈ ਹੈ ਅਤੇ ਚਿਹਰਾ ਸੰਤਰੀ ਰੰਗ ਦਾ ਹੈ। ਮੰਦਰ ਕੰਪਲੈਕਸ ਵਿੱਚ ਹੋਰ ਦੇਵਤਿਆਂ ਦੀਆਂ ਮੂਰਤੀਆਂ ਵੀ ਹਨ ਅਤੇ ਮੰਗਲਵਾਰ ਨੂੰ ਸ਼ਰਧਾਲੂ ਵੱਡੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ ਕਿਉਂਕਿ ਇਹ ਇੱਕ ਸ਼ੁਭ ਦਿਨ ਮੰਨਿਆ ਜਾਂਦਾ ਹੈ।



ਮਹਾਲਕਸ਼ਮੀ ਮੰਦਿਰ ਮੁੰਬਈ ਦਾ ਇੱਕ ਬਹੁਤ ਮਸ਼ਹੂਰ ਮੰਦਿਰ ਹੈ, ਜੋ ਦੇਵੀ ਲਕਸ਼ਮੀ, ਦੁਰਗਾ ਅਤੇ ਸਰਸਵਤੀ ਨੂੰ ਸਮਰਪਿਤ ਹੈ ਅਤੇ ਇਸਨੂੰ 1831 ਵਿੱਚ ਇੱਕ ਹਿੰਦੂ ਵਪਾਰੀ ਦੁਆਰਾ ਬਣਾਇਆ ਗਿਆ ਸੀ। ਇਹ ਮੰਦਿਰ ਸਮੁੰਦਰ ਦਾ ਸਾਹਮਣਾ ਕਰਦਾ ਹੈ ਅਤੇ ਇਹ ਸ਼ਹਿਰ ਦਾ ਇੱਕ ਪ੍ਰਮੁੱਖ ਚਿੰਨ੍ਹ ਹੈ। ਮੰਦਰ ਦੇ ਪ੍ਰਵੇਸ਼ ਦੁਆਰ 'ਤੇ ਡੂੰਘਾ ਪੱਥਰ ਉੱਕਰਿਆ ਹੋਇਆ ਹੈ, ਜੋ ਮੰਡਪ ਨੂੰ ਮੁੱਖ ਦੇਵਤੇ ਦੀ ਮੂਰਤੀ ਨਾਲ ਜੋੜਦਾ ਹੈ। ਲਕਸ਼ਮੀ ਦੀ ਮੂਰਤੀ ਨੂੰ ਇੱਕ ਵਿਸ਼ੇਸ਼ ਨੱਕ ਦੀ ਮੁੰਦਰੀ ਅਤੇ ਇੱਕ ਸੁਨਹਿਰੀ ਮਾਸਕ ਨਾਲ ਸਜਾਇਆ ਗਿਆ ਹੈ। ਨਵਰਾਤਰੀ ਤਿਉਹਾਰ ਦੌਰਾਨ, ਮੰਦਰ ਨੂੰ ਸਜਾਇਆ ਜਾਂਦਾ ਹੈ ਅਤੇ ਦੇਸ਼ ਭਰ ਤੋਂ ਸ਼ਰਧਾਲੂ ਆਉਂਦੇ ਹਨ। ਨੇੜੇ-ਤੇੜੇ ਦੁਕਾਨਾਂ ਹਨ ਜੋ ਪੂਜਾ ਦੀਆਂ ਵਸਤੂਆਂ ਅਤੇ ਫੁੱਲ ਵੇਚਦੀਆਂ ਹਨ ਜੋ ਸ਼ਰਧਾਲੂ ਖਰੀਦ ਸਕਦੇ ਹਨ।



ਸਵਾਮੀਨਾਰਾਇਣ ਮੰਦਰ ਦੀ ਮਲਕੀਅਤ ਅਤੇ ਸੰਚਾਲਨ ਸਵਾਮੀਨਾਰਾਇਣ ਸੰਪ੍ਰਦਾਇ ਦੁਆਰਾ ਕੀਤਾ ਜਾਂਦਾ ਹੈ, ਜੋ ਕਿ ਹਿੰਦੂ ਧਰਮ ਦਾ ਇੱਕ ਸੰਪਰਦਾ ਹੈ ਜੋ ਭਗਵਾਨ ਕ੍ਰਿਸ਼ਨ ਨੂੰ ਆਪਣਾ ਮੁੱਖ ਦੇਵਤਾ ਮੰਨਦਾ ਹੈ। ਅਸਲ ਮੰਦਰ 1863 ਵਿੱਚ ਬਣਾਇਆ ਗਿਆ ਸੀ ਜਦੋਂ ਕਿ ਮੌਜੂਦਾ ਮੰਦਰ ਨੂੰ 1903 ਵਿੱਚ ਦੁਬਾਰਾ ਬਣਾਇਆ ਗਿਆ ਸੀ ਅਤੇ ਉਦੋਂ ਤੋਂ ਹੀ ਹੈ। ਮੰਦਰ ਵਿੱਚ ਘਣਸ਼ਿਆਮ ਮਹਾਰਾਜ, ਹਰੀ ਕ੍ਰਿਸ਼ਨ ਮਹਾਰਾਜ, ਗਲੋਕ ਬਿਹਾਰੀ ਅਤੇ ਰਾਧਾ ਦੀਆਂ ਮੂਰਤੀਆਂ ਹਨ। ਜਨਮ ਅਸ਼ਟਮੀ, ਰਾਮ ਨੌਮੀ ਦੇ ਤਿਉਹਾਰ ਉਹ ਸਮਾਂ ਹੁੰਦੇ ਹਨ ਜਿਸ ਦੌਰਾਨ ਮੰਦਰ ਵਿੱਚ ਸਭ ਤੋਂ ਵੱਧ ਭੀੜ ਹੁੰਦੀ ਹੈ।



ਬਾਬੂ ਅਮੀਚੰਦ ਪੰਨਾਲਾਲ ਆਦਿਸ਼ਵਰਜੀ ਜੈਨ ਮੰਦਰ ਮੁੰਬਈ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਹੈ। ਮੰਦਰਾਂ ਦਾ ਨਿਰਮਾਣ 1970 ਵਿੱਚ ਕੀਤਾ ਗਿਆ ਸੀ ਅਤੇ ਇਸਦੀ ਗੁੰਝਲਦਾਰ ਸੰਗਮਰਮਰ ਦੀ ਨੱਕਾਸ਼ੀ ਅਤੇ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ ਜੋ ਸੈਲਾਨੀਆਂ ਨੂੰ ਮਨਮੋਹਕ ਬਣਾ ਦੇਵੇਗਾ। ਜੋ ਚੀਜ਼ ਇਸ ਮੰਦਰ ਨੂੰ ਦੂਜਿਆਂ ਤੋਂ ਵੱਖ ਕਰਦੀ ਹੈ ਉਹ ਹੈ ਪ੍ਰਵੇਸ਼ ਦੁਆਰ ਅਤੇ ਛੱਤ 'ਤੇ ਮਸ਼ਹੂਰ ਹਾਥੀ ਬਣਤਰ। ਇਹ ਮੰਦਰ ਜੈਨ ਡੇਰਾਵਾਸੀ ਭਾਈਚਾਰੇ ਵਿੱਚ ਕਾਫ਼ੀ ਮਸ਼ਹੂਰ ਹੈ ਅਤੇ ਇਹ ਜੈਨ ਧਰਮ ਦੇ ਪਹਿਲੇ ਤੀਰਥੰਕਰ ਆਦਿਸ਼ਵਰ ਨੂੰ ਸਮਰਪਿਤ ਹੈ। ਮੰਦਰ ਦੇ ਅਹਾਤੇ ਵਿੱਚ ਜੈਨ ਤੀਰਥੰਕਰਾਂ ਦੀਆਂ ਹੋਰ ਮੂਰਤੀਆਂ ਅਤੇ ਭਗਵਾਨ ਗਣੇਸ਼ ਦੀਆਂ ਮੂਰਤੀਆਂ ਵੀ ਹਨ।



ਇਸਕੋਨ ਹਰੇ ਕ੍ਰਿਸ਼ਨਾ ਅੰਦੋਲਨ ਦਾ ਘਰ ਹੈ ਜਿਸਦੀ ਸਥਾਪਨਾ 1978 ਵਿੱਚ ਮੁੰਬਈ ਵਿੱਚ ਆਚਾਰੀਆ ਭਕਤੀਵੇਦਾਂਤ ਸਵਾਮੀ ਪ੍ਰਭੂਪਾਦਾ ਦੁਆਰਾ ਕੀਤੀ ਗਈ ਸੀ। ਦੁਨੀਆ ਭਰ ਦੇ ਲੋਕ ਮਨ ਦੀ ਸ਼ਾਂਤੀ ਲੱਭਣ ਅਤੇ ਇੱਕ ਅਧਿਆਤਮਿਕ ਕਾਲ ਲੱਭਣ ਲਈ ਮੰਦਰ ਦਾ ਦੌਰਾ ਕਰਨ ਲਈ ਆਉਂਦੇ ਹਨ ਜੋ ਉਹਨਾਂ ਨੂੰ ਕਿਸੇ ਹੋਰ ਸੰਸਾਰ ਵਿੱਚ ਲੈ ਜਾਵੇਗਾ। ਮੰਦਰ ਪੁਰਾਣੇ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ ਅਤੇ ਇਸ ਵਿੱਚ ਗੁੰਝਲਦਾਰ ਨੱਕਾਸ਼ੀ ਕੀਤੀ ਗਈ ਹੈ। ਇਹ ਦੇਖਣ ਵਾਲਾ ਨਜ਼ਾਰਾ ਹੈ। ਕ੍ਰਿਸ਼ਨ ਮੁੱਖ ਦੇਵਤਾ ਹੈ ਜੋ ਇਸ ਮੰਦਰ ਵਿੱਚ ਸਥਿਤ ਹੈ। ਮੰਦਰ ਇੱਕ ਧਿਆਨ ਕੇਂਦਰ ਵਜੋਂ ਵੀ ਕੰਮ ਕਰਦਾ ਹੈ ਜਿੱਥੇ ਸ਼ਰਧਾਲੂ ਆ ਸਕਦੇ ਹਨ ਅਤੇ ਸ਼ਾਂਤੀ ਵਿੱਚ ਸਮਾਂ ਬਿਤਾ ਸਕਦੇ ਹਨ ਅਤੇ ਸ਼ਾਂਤੀ ਪ੍ਰਾਪਤ ਕਰ ਸਕਦੇ ਹਨ। ਮੰਦਰ ਦੇ ਅਹਾਤੇ ਵਿੱਚ ਇੱਕ ਆਡੀਟੋਰੀਅਮ, ਇੱਕ ਗੈਸਟ ਹਾਊਸ, ਲਾਇਬ੍ਰੇਰੀ ਅਤੇ ਇੱਕ ਰੈਸਟੋਰੈਂਟ ਵੀ ਹੈ। ਰੈਸਟੋਰੈਂਟ ਕੁਝ ਖਾਸ ਦਿਨਾਂ 'ਤੇ ਗਰੀਬੀ ਤੋਂ ਪੀੜਤ ਲੋਕਾਂ ਲਈ ਮੁਫਤ ਭੋਜਨ ਵੀ ਪ੍ਰਦਾਨ ਕਰਦਾ ਹੈ।




ਨੇਰੂਲ ਵਿਖੇ ਬਾਲਾਜੀ ਮੰਦਿਰ ਨੂੰ ਨੇਰੂਲ ਵਿੱਚ ਦੱਖਣੀ ਭਾਰਤੀ ਭਾਈਚਾਰੇ ਦੁਆਰਾ ਬਹੁਤ ਸਤਿਕਾਰਿਆ ਜਾਂਦਾ ਹੈ। ਮੰਦਰ ਨੇਰੂਲ ਵਿੱਚ ਇੱਕ ਛੋਟੀ ਪਹਾੜੀ ਉੱਤੇ ਬਣਾਇਆ ਗਿਆ ਹੈ ਅਤੇ ਇਹ ਮੰਦਰ ਰੇਲਵੇ ਸਟੇਸ਼ਨ ਦੇ ਕਾਫ਼ੀ ਨੇੜੇ ਹੈ। ਮੰਦਿਰ ਦਾ ਮੁੱਖ ਦੇਵਤਾ ਬਾਲਾਜੀ ਹੈ ਪਰ ਮੰਦਰ ਦੇ ਅਹਾਤੇ, ਜੋ ਕਿ ਕਾਫ਼ੀ ਵਿਸ਼ਾਲ ਹੈ, ਵਿੱਚ ਹੋਰ ਦੇਵਤਿਆਂ ਜਿਵੇਂ ਕਿ ਲਕਸ਼ਮੀ, ਨਰਸਿਮ੍ਹਾ, ਵਿਦਿਆ ਗਣਪਤੀ, ਰਾਮਾਨੁਜ ਅਤੇ ਵਿਸ਼ਵਕਸੇਨ ਨੂੰ ਸਮਰਪਿਤ ਮੰਦਰ ਵੀ ਹਨ। ਮੰਦਿਰ ਦਾ ਉਦਘਾਟਨ ਐਸ ਵੈਂਕਟ ਵਰਦਾਨ ਦੁਆਰਾ ਕੀਤਾ ਗਿਆ ਸੀ, ਜਿਸ ਨੇ 1990 ਵਿੱਚ ਨਹਿਰੂ ਪਲੈਨੀਟੇਰੀਅਮ ਦੇ ਡਾਇਰੈਕਟਰ ਵਜੋਂ ਸੇਵਾ ਕੀਤੀ ਸੀ। ਇਹ ਮੰਦਰ ਲਗਭਗ 60 ਫੁੱਟ ਉੱਚਾ ਹੈ ਅਤੇ ਮੰਦਰ ਕੰਪਲੈਕਸ ਵਿੱਚ ਇੱਕ ਬਗੀਚਾ ਵੀ ਸ਼ਾਮਲ ਹੈ।



ਸ਼ਨੀ ਸ਼ਿੰਗਨਾਪੁਰ ਸ਼ਿਰਡੀ ਦੇ ਨੇੜੇ ਇੱਕ ਛੋਟਾ ਜਿਹਾ ਪਿੰਡ ਹੈ, ਅਤੇ ਭਗਵਾਨ ਸ਼ਨੀਦੇਵ ਦਾ ਘਰ ਹੈ। ਇਸ ਮੰਦਰ ਵਿੱਚ ਭਗਵਾਨ ਸ਼ਨੀਦੇਵ ਦੀ ਮੂਰਤੀ ਜਾਗ੍ਰਿਤ ਦੇਵਸਥਾਨ ਦੀ ਮੰਨੀ ਜਾਂਦੀ ਹੈ, ਭਾਵ ਮੂਰਤੀ ਵਿੱਚ ਅਜੇ ਵੀ ਦੇਵਤਾ ਨਿਵਾਸ ਕਰਦਾ ਹੈ। ਇਸ ਪਿੰਡ ਬਾਰੇ ਇੱਕ ਦਿਲਚਸਪ ਤੱਥ ਇਹ ਹੈ ਕਿ ਇਸ ਵਿੱਚ ਦਰਵਾਜ਼ੇ ਜਾਂ ਖਿੜਕੀਆਂ ਨਹੀਂ ਹਨ, ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਗਵਾਨ ਸ਼ਨੀ ਦੇਵ ਕਿਸੇ ਵੀ ਚੋਰੀ ਜਾਂ ਹੋਰ ਅਜਿਹੇ ਅਪਰਾਧਾਂ ਤੋਂ ਉਨ੍ਹਾਂ ਦੀ ਰੱਖਿਆ ਕਰਨਗੇ।



ਸਿੱਧਾਵਿਨਾਇਕ ਮੰਦਰ ਸ਼ਾਇਦ ਮੁੰਬਈ ਦਾ ਸਭ ਤੋਂ ਮਸ਼ਹੂਰ ਮੰਦਰ ਹੈ, ਜੋ ਪ੍ਰਭਾਦੇਵੀ ਵਿੱਚ ਸਥਿਤ ਹੈ। ਮੰਦਰ ਭਗਵਾਨ ਗਣੇਸ਼, ਹਾਥੀ-ਸਿਰ ਵਾਲੇ ਭਗਵਾਨ ਨੂੰ ਸਮਰਪਿਤ ਹੈ। ਮੰਦਰ ਦੀ ਸਥਾਪਨਾ 1801 ਵਿੱਚ ਦੇਵਭਾਈ ਪਾਟਿਲ ਅਤੇ ਲਕਸ਼ਮਣ ਵਿਥੂ ਦੁਆਰਾ ਕੀਤੀ ਗਈ ਸੀ, ਜਿਸ ਨੇ ਮਹਾਰਾਸ਼ਟਰ ਵਿੱਚ ਕਈ ਹੋਰ ਅਸ਼ਟਵਿਨਾਇਕ ਮੰਦਰਾਂ ਦੀ ਸਥਾਪਨਾ ਵੀ ਕੀਤੀ ਸੀ। ਮੰਗਲਵਾਰ ਨੂੰ ਦਰਸ਼ਨਾਂ ਲਈ ਮੰਦਰ ਜਾਣ ਦਾ ਖਾਸ ਦਿਨ ਹੁੰਦਾ ਹੈ। ਲੋਕ ਇਹ ਵੀ ਮੰਨਦੇ ਹਨ ਕਿ ਜੇਕਰ ਤੁਸੀਂ ਮੂਰਤੀ ਦੇ ਕੰਨਾਂ ਵਿੱਚ ਆਪਣੀਆਂ ਅੰਦਰੂਨੀ ਇੱਛਾਵਾਂ ਨੂੰ ਬੋਲਦੇ ਹੋ, ਤਾਂ ਉਹ ਪੂਰੀਆਂ ਹੁੰਦੀਆਂ ਹਨ. ਇਹ ਮੰਦਰ ਬਾਲੀਵੁੱਡ ਅਦਾਕਾਰਾਂ ਤੋਂ ਲੈ ਕੇ ਮਸ਼ਹੂਰ ਖਿਡਾਰੀਆਂ ਤੱਕ ਦੀਆਂ ਮਸ਼ਹੂਰ ਹਸਤੀਆਂ ਨੂੰ ਵੀ ਆਕਰਸ਼ਿਤ ਕਰਦਾ ਹੈ।



ਮਿੰਨੀ ਸਬਰੀਮਾਲਾ ਮੰਦਿਰ ਕੇਰਲ ਰਾਜ ਤੋਂ ਬਾਹਰ ਦੇਵਤਾ ਅਯੱਪਾ ਨੂੰ ਸਮਰਪਿਤ ਪਹਿਲਾ ਮੰਦਿਰ ਹੈ। ਇਹ ਮੰਦਰ ਕੇਰਲ ਦੇ ਸਬਰੀਮਾਲਾ ਦੇ ਸਮਾਨ ਹੈ। ਮੰਦਿਰ ਕੰਜੂਰਮਾਰਗ ਵਿੱਚ ਇੱਕ ਛੋਟੀ ਪਹਾੜੀ ਉੱਤੇ ਸਥਿਤ ਹੈ। ਮਿੰਨੀ ਸਬਰੀਮਾਲਾ ਮੰਦਿਰ ਦੇ ਨਿਰਮਾਣ ਤੋਂ ਪਹਿਲਾਂ ਇੱਥੇ ਇੱਕ ਦੇਵੀ ਅਤੇ ਇੱਕ ਛੋਟਾ ਅਯੱਪਾ ਮੰਦਿਰ ਹੁੰਦਾ ਸੀ। ਹਾਲਾਂਕਿ, ਇਸਨੂੰ ਵਿਦੇਸ਼ੀ ਹਮਲਾਵਰਾਂ ਦੁਆਰਾ ਢਾਹ ਦਿੱਤਾ ਗਿਆ ਸੀ ਜਿਨ੍ਹਾਂ ਨੇ ਮੰਦਰ ਦੇ ਪੁਜਾਰੀਆਂ ਨੂੰ ਵੀ ਮਾਰਿਆ ਸੀ। ਮਿੰਨੀ ਸਬਰੀਮਾਲਾ ਮੰਦਰ ਵਿੱਚ ਅੱਜ ਵੀ ਮੰਦਰਾਂ ਦੇ ਖੰਡਰ ਦੇਖੇ ਜਾ ਸਕਦੇ ਹਨ।



ਸ਼ਿਰਡੀ ਇੱਕ ਤੀਰਥ ਸਥਾਨ ਹੈ ਜੋ ਸੰਤ ਸਾਈਂ ਬਾਬਾ ਦੁਆਰਾ ਪ੍ਰਸਿੱਧ ਬਣਾਇਆ ਗਿਆ ਸੀ। ਸਾਈਂ ਬਾਬਾ ਭਾਰਤ ਦੇ ਸਭ ਤੋਂ ਮਸ਼ਹੂਰ ਸੰਤਾਂ ਵਿੱਚੋਂ ਇੱਕ ਸਨ ਅਤੇ ਨਿਰਸਵਾਰਥ ਅਤੇ ਗਰੀਬਾਂ ਲਈ ਬਹੁਤ ਸਮਰਪਿਤ ਹੋਣ ਲਈ ਜਾਣੇ ਜਾਂਦੇ ਸਨ। ਇਸ ਨਾਲ ਉਸਨੂੰ ਬਹੁਤ ਸਾਰੇ ਲੋਕਾਂ ਦਾ ਸਤਿਕਾਰ ਮਿਲਿਆ ਅਤੇ ਸਮਾਜ ਦੇ ਸਾਰੇ ਵਰਗਾਂ ਦੁਆਰਾ ਉਸਦੀ ਪੂਜਾ ਕੀਤੀ ਜਾਂਦੀ ਸੀ। ਮੰਦਰ ਕੰਪਲੈਕਸ ਦੋ ਸੌ ਵਰਗ ਮੀਟਰ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਸਾਈਂ ਬਾਬਾ ਦੇ ਅਸਥਾਨ ਤੋਂ ਇਲਾਵਾ ਹੋਰ ਮੰਦਰ ਹਨ। ਇਹ ਮੰਦਰ ਭਾਰਤ ਦੇ ਸਭ ਤੋਂ ਅਮੀਰ ਮੰਦਰਾਂ ਵਿੱਚੋਂ ਇੱਕ ਹੈ, ਜੋ ਦਾਨ ਦੇ ਨਾਲ ਸਾਲਾਨਾ ਇੱਕ ਅਰਬ ਰੁਪਏ ਨੂੰ ਪਾਰ ਕਰ ਸਕਦਾ ਹੈ।



ਤ੍ਰਿੰਬਕੇਸ਼ਵਰ ਮੰਦਿਰ ਨੂੰ ਮਰਾਠਾ ਪੇਸ਼ਵਾ ਸ਼੍ਰੀ ਨਾਨਾਸਾਹਿਬ ਦੁਆਰਾ 1755 ਅਤੇ 1786 ਦੇ ਵਿਚਕਾਰ ਬਣਾਇਆ ਗਿਆ ਸੀ। ਇਹ ਮੰਦਰ ਭਗਵਾਨ ਸ਼ਿਵ ਅਤੇ ਜਯੋਤਿਰਲਿੰਗ ਨੂੰ ਸਮਰਪਿਤ ਹੈ। ਇਹ ਮੰਦਰ ਤਿੰਨ ਪਹਾੜੀਆਂ, ਬ੍ਰਹਮਗਿਰੀ, ਨੀਲਾਗਿਰੀ ਅਤੇ ਕਾਲਾਗਿਰੀ ਨਾਲ ਘਿਰਿਆ ਹੋਇਆ ਹੈ, ਅਤੇ ਇਸ ਵਿੱਚ ਤਿੰਨ ਲਿੰਗ ਵੀ ਹਨ ਜੋ ਸ਼ਿਵ, ਵਿਸ਼ਨੂੰ ਅਤੇ ਬ੍ਰਹਮਾ ਦੇ ਚਿਹਰਿਆਂ ਨੂੰ ਦਰਸਾਉਂਦੇ ਹਨ। ਲਿੰਗਾ ਦੀ ਵਿਸ਼ੇਸ਼ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਸਿਰ 'ਤੇ ਗਹਿਣਿਆਂ ਨਾਲ ਜੜ੍ਹਿਆ ਤਾਜ ਹੈ ਅਤੇ ਸੋਮਵਾਰ ਨੂੰ ਸ਼ਾਮ ਦੀ ਪ੍ਰਾਰਥਨਾ ਤੋਂ ਬਾਅਦ ਸ਼ਰਧਾਲੂਆਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ।